## ਅਧਿਆਇ 8

# ਮਨੁੱਖਜਾਤੀ ਦੇ ਲਈ ਇੱਕ ਨਵੀਂ ਸ਼ੁਰੂਆਤ

ਬਾਈਬਲ ਇਸੇ ਬਾਰੇ ਕੁਝ ਨਹੀਂ ਕਹਿੰਦੀ ਕਿ ਕਿਸ਼ਤੀ ਤੇ ਜੋ ਲੋਕ ਸਵਾਰ ਸਨ ਉਨ੍ਹਾਂ ਨੇ ਕੀ ਖਾਧਾ ਜਾਂ ਕਿਵੇਂ ਸੁੱਤੇ ਜਾਂ ਕਿਸ਼ਤੀ ਦੇ ਅੰਦਰ ਕਿਵੇਂ ਆਪਣੇ ਦਿਨ ਗੁਜਾਰੇ। ਇਹ ਉਨ੍ਹਾਂ ਦ੍ਰਿਸ਼ਾਂ, ਅਵਾਜ਼ਾਂ ਜਾਂ ਵਾਸ਼ਨਾਵਾਂ ਦਾ ਵਰਣਨ ਨਹੀਂ ਕਰਦੀ ਜਿਨ੍ਹਾਂ ਦਾ ਨੂਹ ਦੇ ਪਰਿਵਾਰ ਨੇ ਕਈ ਮਹੀਨਿਆਂ ਤੱਕ ਅਨੁਭਵ ਕੀਤਾ ਜਦੋਂ ਪਰਮੇਸ਼ੁਰ ਨੇ ਪਾਪੀ ਵਾਸੀਆਂ ਦਾ ਸੰਸਾਰ ਤੋਂ ਸਫ਼ਾਇਆ ਕੀਤਾ। ਅੱਠ ਸਵਾਰੀਆਂ ਜੋ ਜਾਨਵਰਾਂ ਦੇ ਨਾਲ ਕਿਸ਼ਤੀ ਦੇ ਅੰਦਰ ਸਨ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਬਚਾਇਆ ਸੀ ਸ਼ਾਇਦ ਸੋਚਦੇ ਹੋਣਗੇ ਕਿ ਪਰਮੇਸ਼ੁਰ ਉਨ੍ਹਾਂ ਨੂੰ ਭੁੱਲ ਚੁੱਕਾ ਹੈ।

ਅਧਿਆਇ 8 ਸਾਨੂੰ ਦੱਸਦਾ ਹੈ ਕਿ ਪਰਮੇਸ਼ੁਰ ਨੇ ਕਿਸ਼ਤੀ ਵਿੱਚ ਸਵਾਰ ਨੂਹ ਦੇ ਪਰਿਵਾਰ ਅਤੇ ਸਾਰੇ ਪ੍ਰਾਣੀਆਂ ਨੂੰ "ਯਾਦ ਕੀਤਾ।" ਉਸ ਨੇ ਜਲ ਪਰਲੋ ਦੇ ਪਾਣੀਆਂ ਨੂੰ ਘਟਣ (8:1-5) ਅਤੇ ਧਰਤੀ ਨੂੰ ਸੁੱਕਣ (8:6-14) ਦਿੱਤਾ। ਪਰਮੇਸ਼ੁਰ ਦੇ ਹੁਕਮ ਤੇ, ਨੂਹ ਦਾ ਪਰਿਵਾਰ ਅਤੇ ਸਾਰੇ ਜਾਨਵਰ ਕਿਸ਼ਤੀ ਵਿੱਚੋਂ ਬਾਹਰ ਨਿੱਕਲੇ (8:15-19)। ਇਹ ਅਧਿਆਇ ਨੂਹ ਦੁਆਰਾ ਪਰਮੇਸ਼ੁਰ ਨੂੰ ਬਲੀ ਚੜ੍ਹਾਉਣ ਅਤੇ ਪਰਮੇਸ਼ੁਰ ਦੁਆਰਾ ਇਸ ਵਾਅਦੇ ਦੇ ਨਾਲ ਖਤਮ ਹੋਇਆ ਕਿ ਜਦੋਂ ਤੱਕ ਧਰਤੀ ਆਬਾਦ ਰਹੇਗੀ ਪਰਮੇਸ਼ੁਰ ਸਰਬੱਤ ਜੀਆਂ ਨੂੰ ਫੇਰ ਕਦੀ ਨਹੀਂ ਮਾਰੇਗਾ (8:20-22)।

## ਜਲ ਪਰਲੋ ਦੇ ਪਾਣੀ ਦਾ ਉੱਤਰਨਾ (8:1-5)

**1ਫੇਰ ਪਰਮੇਸ਼ੁਰ ਨੇ ਨੂਹ ਨੂੰ ਅਰ ਹਰ ਜੰਗਲੀ ਜਾਨਵਰ ਨੂੰ ਅਰ ਹਰ ਡੰਗਰ ਨੂੰ ਜੋ ਉਹ ਦੇ
ਨਾਲ ਕਿਸ਼ਤੀ ਵਿੱਚ ਸੀ ਯਾਦ ਕੀਤਾ ਅਤੇ ਪਰਮੇਸ਼ੁਰ ਨੇ ਧਰਤੀ ਉੱਤੇ ਵਾਉ ਵਗਾਈ ਅਤੇ ਪਾਣੀ
ਘਟਣ ਲੱਗ ਪਏ। 2ਡੂੰਘਿਆਈ ਦੇ ਸੋਤੇ ਅਰ ਅਕਾਸ਼ ਦੀਆਂ ਖਿੜਕੀਆਂ ਬੰਦ ਹੋ ਗਈਆਂ ਅਤੇ
ਅਕਾਸ਼ੋਂ ਵਰਖਾ ਥੰਮ ਗਈ। 3ਅਤੇ ਪਾਣੀ ਧਰਤੀ ਉੱਤੋਂ ਮੋੜੇ ਪਏ ਜਾਂਦੇ ਸਨ ਅਰ ਡੂਢ ਸੌ ਦਿਨਾਂ
ਦੇ ਅੰਤ ਵਿੱਚ ਪਾਣੀ ਲਹਿ ਗਿਆ। 4ਕਿਸ਼ਤੀ ਸੱਤਵੇਂ ਮਹੀਨੇ ਦੇ ਸਤਾਰਵੇਂ ਦਿਨ ਅਰਾਰਾਤ ਪਹਾੜ
ਉੱਤੇ ਟਿਕ ਗਈ। 5ਅਤੇ ਪਾਣੀ ਦਸਵੇਂ ਮਹੀਨੇ ਤੀਕਰ ਘਟਦੇ ਗਏ। ਦਸਵੇਂ ਮਹੀਨੇ ਦੇ ਪਹਿਲੇ
ਦਿਨ ਪਹਾੜਾਂ ਦੀਆਂ ਟੀਸੀਆਂ ਦਿਸ ਪਈਆਂ।**

**ਆਇਤ 1.** ਇਹ ਦੱਸਣ ਤੋਂ ਬਾਅਦ ਕਿ ਡੇਢ ਸੌ ਦਿਨਾਂ ਤੀਕਰ ਧਰਤੀ ਉੱਤੇ ਪਾਣੀ ਹੀ ਪਾਣੀ ਰਿਹਾ (7:24), ਕਹਾਣੀ ਦੱਸਣ ਵਾਲੇ ਨੇ ਕਿਹਾ ਕਿ **ਪਰਮੇਸ਼ੁਰ ਨੇ ਨੂਹ ਨੂੰ ਅਰ ਹਰ ਜੰਗਲੀ ਜਾਨਵਰ ਨੂੰ ਅਰ ਹਰ ਡੰਗਰ ਨੂੰ ਜੋ ਉਹ ਦੇ ਨਾਲ ਕਿਸ਼ਤੀ ਵਿੱਚ ਸੀ ਯਾਦ ਕੀਤਾ**। "ਪਰਮੇਸ਼ੁਰ ਨੇ ਯਾਦ ਕੀਤਾ" ਸ਼ਬਦਾਵਲੀ ਦਾ ਅਰਥ ਇਹ ਨਹੀਂ ਹੈ ਕਿ ਯਹੋਵਾਹ ਜਾਂ ਤਾਂ ਕਿਸ਼ਤੀ

ਵਿੱਚ ਸਵਾਰ ਲੋਕਾਂ ਨੂੰ ਜਾਂ ਉਨ੍ਹਾਂ ਦੇ ਪ੍ਰਤੀ ਆਪਣੇ ਸਮਰਪਣ ਨੂੰ ਭੁੱਲ ਚੁੱਕਾ ਸੀ। ਇਹ ਸੁਝਾਅ ਦਾ ਉੱਲਟ ਕੇ ਇਹ ਯਹੋਵਾਹ ਦੇ ਵੱਲੋਂ ਇੱਕ ਕਿਸਮ ਦਾ ਮਾਨਸਿਕ ਤੌਰ ਤੇ ਪਿੱਛੇ ਨੂੰ ਜਾਣਾ ਸੀ, "ਯਾਦ ਕਰਨਾ" (זָכַר, *ਜ਼ਕਰ*) ਸ਼ਬਦ ਰੱਬੀ ਚਿੰਤਾ ਤੇ ਜ਼ੋਰ ਦਿੰਦਾ ਹੈ ਜੋ ਯਹੋਵਾਹ ਦੇ ਲਈ "ਨੂਹ ਅਰ ਹਰ ਜੰਗਲੀ ਜਾਨਵਰ ਅਰ ਹਰ ਡੰਗਰ" ਦੀ ਖ਼ਾਤਰ ਕੰਮ ਕਰਨ ਦਾ ਸਬੱਬ ਬਣੀ ਜਿਹੜੇ ਕਈ ਮਹੀਨਿਆਂ ਤੋਂ ਕਿਸ਼ਤੀ ਦੇ ਅੰਦਰ ਬੰਦ ਸਨ।[1] ਇਹ ਅਕਸਰ ਇਸ ਗੱਲ ਨੂੰ ਪ੍ਰਦਰਸ਼ਿਤ ਕਰਦਾ ਹੈ ਕਿ ਪਰਮੇਸ਼ੁਰ ਆਪਣੇ ਨੇਮ ਦੇ ਵਾਅਦਿਆਂ ਦੇ ਪ੍ਰਤੀ ਵਫ਼ਾਦਾਰ ਹੈ (9:14-16; 19:29; 30:22; ਕੂਚ 2:24; 6:5; 32:13; ਲੇਵੀਆਂ 26:42, 45; ਗਿਣਤੀ 10:9)।

ਜੋ ਲੋਕ ਕਿਸ਼ਤੀ ਵਿੱਚ ਸਨ ਉਨ੍ਹਾਂ ਦੀ ਖ਼ਾਤਰ **ਧਰਤੀ ਉੱਤੇ ਵਾਉ ਵਗਾ ਕੇ** ਪਰਮੇਸ਼ੁਰ ਨੇ ਆਪਣੇ ਕੰਮ ਦੀ ਸ਼ੁਰੂਆਤ ਕੀਤੀ ਸੀ, ਜਿਸ ਦਾ ਨਤੀਜਾ ਇਹ ਹੋਇਆ ਕਿ **ਪਾਣੀ ਘਟਣ ਲੱਗ ਪਏ**। ਇੱਥੇ "ਵਾਉ" ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਹ רוּחַ (*ਰੂਆਖ਼*) ਹੈ, ਜਿਹੜਾ ਕਿ 1:2 ਵਿੱਚ ਰਚਨਾ ਕਰਨ ਦੌਰਾਨ "ਪਰਮੇਸ਼ੁਰ ਦੇ ਆਤਮਾ" ਲਈ ਵਰਤਿਆ ਗਿਆ ਸੀ "ਪਾਣੀਆਂ ਦੇ ਉੱਤੇ" ਸੇਉਂਦਾ ਸੀ। ਦਰਅਸਲ, ਉਤਪਤ 8 ਅਧਿਆਇ ਵਿੱਚ ਕਈ ਸ਼ਬਦ ਉਤਪਤ 1 ਅਧਿਆਇ ਵਿੱਚੋਂ ਦੁਹਰਾਏ ਗਏ ਹਨ। ਕੈਨੇਥ ਏ. ਮੈਥਿਊਜ਼ ਨੇ ਟਿੱਪਣੀ ਕੀਤੀ ਸੀ ਕਿ ਇਸ ਦਾ ਦੁਹਰਾਇਆ ਜਾਣਾ ਇਹ ਪ੍ਰਦਰਸ਼ਿਤ ਕਰਦਾ ਹੈ ਕਿ "ਪਰਮੇਸ਼ੁਰ ਨੇ ਨਵੀਂ ਰਚਨਾ ਕਰਨੀ ਸ਼ੁਰੂ ਕਰ ਦਿੱਤੀ।"[2] ਫਿਰ ਵੀ, ਇਸ ਸੰਦਰਭ ਵਿੱਚ, *ਰੂਆਖ਼* ਸ਼ਬਦ ਸਪੱਸ਼ਟ ਤੌਰ ਤੇ ਅਸਲੀ ਵਾਉ ਦਾ ਹਵਾਲਾ ਦਿੰਦਾ ਹੈ ਜੋ ਪਰਮੇਸ਼ੁਰ ਨੇ ਜਲ ਪਰਲੋ ਦੇ ਪਾਣੀਆਂ ਨੂੰ ਸੁਕਾਉਣ ਦੇ ਲਈ ਵਗਾਈ ਸੀ। ਉਸੇ ਤਰ੍ਹਾਂ, ਕੂਚ ਦੇ ਦੌਰਾਨ, ਪਰਮੇਸ਼ੁਰ ਨੇ ਲਾਲ ਸਮੁੰਦਰ ਦੇ ਪਾਣੀਆਂ ਨੂੰ ਦੋ ਭਾਗ ਕਰਨ ਅਤੇ ਜ਼ਮੀਨ ਨੂੰ ਸੁਕਾਉਣ ਦੇ ਲਈ ਵਾਉ ਵਗਾਈ ਤਾਂ ਕਿ ਇਸਰਾਏਲੀ ਲੋਕ "ਖੁਸ਼ਕੀ ਉੱਤੋਂ" ਲੰਘ ਸਕਣ (ਕੂਚ 14:21, 22)।

**ਆਇਤ 2.** ਵਾਉ ਵਗਾਉਣ ਤੋਂ ਇਲਾਵਾ, ਪਰਮੇਸ਼ੁਰ ਨੇ **ਡੂੰਘਿਆਈ ਦੇ ਸੋਤੇ** ਬੰਦ ਕਰ ਦਿੱਤੇ, ਤਾਂ ਕਿ ਜ਼ਮੀਨ ਦੇ ਹੇਠਾਂ ਜੋ ਪਾਣੀ ਹੈ ਉਹ ਉੱਪਰ ਨਾ ਆ ਸਕੇ। ਉਸ ਨੇ **ਵਰਖਾ** ਨੂੰ ਰੋਕਣ ਦੇ ਲਈ **ਅਕਾਸ਼ ਦੀਆਂ ਖਿੜਕੀਆਂ ਬੰਦ ਕਰ ਦਿੱਤੀਆਂ**। ਆਇਤ 2 ਵਿੱਚ ਕਿਰਿਆ ਦੇ ਰੂਪ ਜਿਨ੍ਹਾਂ ਦਾ ਅਨੁਵਾਦ "ਬੰਦ ਹੋ ਗਈਆਂ" ਅਤੇ "ਥੰਮ ਗਈ" ਕੀਤਾ ਗਿਆ ਹੈ ਦੋਵੇਂ ਭਾਵ ਕਿਰਿਆਵਾਂ ਹਨ ਜੋ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਪਾਣੀਆਂ ਦਾ ਰੁਕਣਾ ਕੋਈ ਅਜਿਹਾ ਕੰਮ ਨਹੀਂ ਸੀ ਜੋ ਸੁਭਾਵਕ ਤੌਰ ਤੇ ਹਾਂ ਸੰਜੋਗ ਨਾਲ ਹੋਇਆ ਸੀ। ਇਹ ਸ਼ਬਦ ਪਾਣੀ ਦੇ ਵਾਧੂ ਅਤੇ ਵੱਖ-ਵੱਖ ਸ੍ਰੋਤਾਂ ਨੂੰ ਬੰਦ ਕਰਨ ਦੇ ਲਈ ਰੱਬੀ ਕੰਮ ਨੂੰ ਪਰਗਟ ਕਰਦਾ ਹੈ। ਇਹ ਆਇਤ 7:11, 12 ਵਿੱਚ ਪਰਮੇਸ਼ੁਰ ਦੇ ਵਿਪਰੀਤ ਦਾ ਕੰਮ ਵੱਲ ਇਸ਼ਾਰਾ ਕਰਦੀ ਹੈ।

**ਆਇਤ 3.** ਇਹ ਕਥਨ ਕਿ **ਪਾਣੀ ਧਰਤੀ ਉੱਤੋਂ ਮੋੜੇ ਪਏ ਜਾਂਦੇ ਸਨ** ਅਤੇ ਅੰਤ ਵਿੱਚ **ਪਾਣੀ ਲਹਿ ਗਿਆ** ਵੀ 7:17-24 ਵਿੱਚ ਦਰਜ਼ ਘਟਨਾ ਦੇ ਵਿਪਰੀਤ ਹੈ, ਜਿੱਥੇ ਇਹ ਕਿਹਾ ਗਿਆ ਹੈ ਕਿ "ਪਾਣੀ ਵਧ ਗਿਆ" ਅਤੇ ਧਰਤੀ ਦੇ ਉੱਤੇ "ਪਾਣੀ ਹੀ ਪਾਣੀ ਹੋ ਗਿਆ।" ਇਸੇ ਤਰ੍ਹਾਂ ਦਾ ਵਰਣਨ ਉਦੋਂ ਵੀ ਮਿਲਦਾ ਹੈ ਜਦੋਂ ਲਾਲ ਸਮੁੰਦਰ ਇਸਰਾਏਲੀ ਲੋਕਾਂ ਦੇ ਇਸ ਨੂੰ ਸੁਰੱਖਿਅਤ ਪਾਰ ਕਰਨ ਤੋਂ ਬਾਅਦ ਆਪਣੇ ਥਾਂ ਤੇ ਵਾਪਸ ਪਰਤ ਗਿਆ (ਕੂਚ 14:26-28) ਅਤੇ ਇਹੋ ਜਿਹੀ ਘਟਨਾ ਉਦੋਂ ਵੀ ਵਾਪਰੀ ਸੀ ਜਦੋਂ ਇਸਰਾਏਲ ਦੇ ਲੋਕਾਂ ਨੇ ਯਰਦਨ ਨਦੀ ਨੂੰ ਪਾਰ ਕਰ ਲਿਆ (ਯਹੋਸ਼ੁਆ 4:18)।

ਪਾਣੀ ਦੇ ਘਟਣ ਨੂੰ **ਡੂਢ ਸੌ ਦਿਨਾਂ ਦੇ ਅੰਤ ਵਿੱਚ** ਰੱਖਿਆ ਗਿਆ ਹੈ। ਇਹ ਭਾਸ਼ਾ ਉਸੇ ਭਾਸ਼ਾ ਵਰਗੀ ਹੈ ਜੋ 7:24 ਆਇਤ ਵਿੱਚ ਵਰਤੀ ਗਈ ਹੈ, ਜੋ ਕਹਿੰਦੀ ਹੈ ਕਿ "ਡੇਢ ਸੌ ਦਿਨਾਂ ਤੀਕਰ ਧਰਤੀ ਉੱਤੇ ਪਾਣੀ ਹੀ ਪਾਣੀ ਰਿਹਾ।" ਜੋ ਲੋਕ ਜਲ ਪਰਲੋ ਦੇ ਘਟਨਾਕ੍ਰਮ ਨੂੰ ਮੁੜ ਤੋਂ

ਰਚਨਾ ਕਰਨ ਦੀ ਕੋਸ਼ਿਸ਼ ਕਰਦੇ ਹਨ ਇਸ ਗੱਲ ਤੇ ਅਸਹਿਮਤ ਹਨ ਕਿ 7:24 ਅਤੇ 8:3 ਆਪਸ ਵਿੱਚ ਕਿਵੇਂ ਸੰਬੰਧਤ ਹਨ। ਕੁਝ 7:24 ਦੇ 150 ਦਿਨਾਂ ਨੂੰ ਜਲ ਪਰਲੋ ਦੇ ਪਾਣੀ ਦੇ ਪ੍ਰਬਲ ਹੋਣ ਦਾ ਹਵਾਲਾ ਦੇਣ ਅਤੇ 8:3 ਦੇ 150 ਦਿਨਾਂ ਨੂੰ ਪਾਣੀ ਦੇ ਲਹਿਣ ਦਾ ਹਵਾਲਾ ਦੇਣ – ਕੁੱਲ ਮਿਲਾ ਕੇ 300 ਦਿਨ – ਸਮਝਦੇ ਹਨ।[3] ਜੇਕਰ ਇਹ ਸਹੀ ਹੈ, 8:3 ਉਸ ਕਥਨ ਦਾ ਸਾਰ ਹੋਵੇਗਾ ਜੋ ਉਸ ਸਮੇਂ ਦੀਆਂ ਅਸਲ ਘਟਨਾਵਾਂ ਤੋਂ ਪਹਿਲਾਂ ਆਉਂਦਾ ਹੈ (ਵੇਖੋ 8:4-12)। ਕੁਝ ਹੋਰ ਲੋਕ ਸੋਚਦੇ ਹਨ ਕਿ 7:4 ਅਤੇ 8:3 ਵਿੱਚ ਉਹੀ 150 ਦਿਨਾਂ ਦਾ ਸਮਾਂ ਵਿਚਾਰ ਅਧੀਨ ਹੈ।[4] ਇਸ ਸਮੇਂ ਦੇ ਅੰਤ ਵਿੱਚ, ਜਲ ਪਰਲੋ ਦਾ ਪਾਣੀ ਲਹਿਣਾ ਸ਼ੁਰੂ ਹੋ ਗਿਆ, ਜਿਸ ਨੇ ਕਿਸ਼ਤੀ ਨੂੰ ਜ਼ਮੀਨ ਉੱਤੇ ਟਿਕਣ ਦੇ ਲਈ ਮੰਚ ਤਿਆਰ ਕੀਤਾ।

**ਆਇਤ 4. ਸੱਤਵੇਂ ਮਹੀਨੇ ਦੇ ਸਤਾਰਵੇਂ ਦਿਨ**, ਜਲ ਪਰਲੋ ਆਉਣ ਤੋਂ ਠੀਕ ਪੰਜ ਮਹੀਨਿਆਂ ਬਾਅਦ (7:11), **ਕਿਸ਼ਤੀ ਅਰਾਰਾਤ ਪਹਾੜ ਉੱਤੇ ਟਿੱਕ ਗਈ**। ਟਿੱਕ ਗਈ (נוּחַ, *ਨਾਉਚ*) ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਨੂਹ (נֹחַ, *ਨੋਅਚ*) ਦੇ ਨਾਮ ਵਰਗਾ ਪ੍ਰਤੀਤ ਹੁੰਦਾ ਹੈ (5:28, 29; 8:8, 9 ਤੇ ਟਿੱਪਣੀਆਂ ਵੇਖੋ)। "ਪਹਾੜ" ਕਿਸੇ ਨਿਸ਼ਚਤ ਟੀਸੀ ਦਾ ਹਵਾਲਾ ਨਹੀਂ ਦਿੰਦੇ, ਪਰ ਇੱਕ ਪਹਾੜੀ ਇਲਾਕੇ ਦਾ ਜਿਸ ਦਾ ਇੱਕ ਨਾਮ ਸੀ। "ਅਰਾਰਾਤ" ਇੱਕ ਇਬਰਾਨੀ ਸ਼ਬਦ ਹੈ ਜਿਹੜਾ ਕਿ "ਉਰਾਰਤੂ" ਨਾਮ ਦੇ ਬਰਾਬਰ ਹੈ ਜੋ ਕਿ ਮਸੋਪੋਤਾਮਿਯਾ ਦੀ ਵਾਦੀ (ਆਧੁਨਿਕ ਸਮੇਂ ਵਿੱਚ ਇਹ ਇਰਾਕ ਹੈ) ਦੇ ਇੱਕ ਉੱਤਰੀ ਰਾਜ ਦਾ ਅੱਸ਼ੂਰੀ ਨਾਮ ਸੀ ਜੋ ਕਿ ਹੁਣ ਤੁਰਕੀ ਅਤੇ ਪੱਛਮੀ ਅਰਮੇਨੀਆ ਹੈ। ਪਹਿਲੇ ਹਜ਼ਾਰ ਵਰੇ ਈਸਾ ਪੂਰਵ ਵਿੱਚ ਅੱਸ਼ੂਰ ਦੇ ਰਾਜਿਆਂ ਨੇ ਅਰਾਰਤੂ (ਅਰਾਰਾਤ) ਦੇ ਵਿਰੁੱਧ ਯੁੱਧ ਕੀਤਾ ਅਤੇ ਪੁਰਾਣੇ ਨੇਮ ਵਿੱਚ ਇਸ ਇਲਾਕੇ ਦਾ ਕਈ ਵਾਰ ਜ਼ਿਕਰ ਕੀਤਾ ਗਿਆ ਹੈ (2 ਰਾਜਿਆਂ 19:37; ਯਸਾਯਾਹ 37:38; ਯਿਰਮਿਯਾਹ 51:27)।

ਖੋਜ ਕਰਨ ਵਾਲੀਆਂ ਕੁਝ ਟੀਮਾਂ ਨੇ ਉਹ ਸਹੀ ਥਾਂ ਨੂੰ ਪਛਾਣਨ ਦੀ ਕੋਸ਼ਿਸ਼ ਕੀਤੀ ਹੈ ਜਿੱਥੇ ਉਹ ਕਿਸ਼ਤੀ ਆ ਕੇ ਟਿਕੀ ਸੀ। ਗਿਆਰਵੀਂ ਅਤੇ ਬਾਰ੍ਹਵੀਂ ਸਦੀ ਈਸਵੀ ਵਿਚਕਾਰ, ਇੱਕ ਰਵਾਇਤ ਵਿਕਸਤ ਹੋਈ ਸੀ ਜੋ ਇਸ ਗੱਲ ਨੂੰ ਮੰਨਦੀ ਸੀ ਕਿ ਉਸ ਪਹਾੜ ਨੂੰ ਹੁਣ "ਅਰਾਰਾਤ ਪਹਾੜ" ਦੇ ਰੂਪ ਵਿੱਚ ਪਛਾਣਿਆ ਗਿਆ ਹੈ, ਜੋ ਕਿ ਇੱਕ ਅਜਿਹੀ ਟੀਸੀ ਸੀ ਜੋ ਲਗਭਗ 17,000 ਫੁੱਟ ਉੱਚੀ ਸੀ, ਉਹ ਥਾਂ ਹੈ ਜਿੱਥੇ ਨੂਹ ਦੀ ਕਿਸ਼ਤੀ ਆ ਕੇ ਟਿਕ ਗਈ। ਸਮੇਂ ਦੇ ਨਾਲ, ਇਹੋ ਜਿਹੇ ਦਾਅਵੇ ਜ਼ਿਆਦਾ ਤੋਂ ਜ਼ਿਆਦਾ ਉਲਝਣ ਵਾਲੇ ਬਣ ਚੁੱਕੇ ਹਨ ਕਿਉਂਕਿ ਵਾਧੂ ਕਿਸ਼ਤੀ ਨੂੰ ਭਾਲਣ ਵਾਲਿਆਂ ਨੇ ਵਿਰੋਧੀ ਦਾਅਵੇ ਕੀਤੇ ਹਨ। ਵੱਖ-ਵੱਖ ਸਮੂਹਾਂ ਨੇ "ਅਰਾਰਾਤ ਪਹਾੜ" ਤੇ ਅਤੇ ਹੋਰ ਪਹਾੜਾਂ ਦੀਆਂ ਤੇ ਵੀ ਹੋਰ ਥਾਵਾਂ ਨੂੰ ਪਛਾਣਿਆ ਹੈ, ਜਿਹੜੇ ਕਿ ਉਹ ਕਹਿੰਦੇ ਹਨ ਕਿ ਕਿਸ਼ਤੀ ਦੇ ਬਾਕੀ ਬਚੇ ਹਿੱਸੇ ਹਨ ਜੋ ਜਲ ਪਰਲੋ ਤੋਂ ਬਚ ਗਈ ਸੀ। ਅਣਖ ਰੱਖਣ ਵਾਲੇ ਵਿਅਕਤੀ ਉੱਥੋਂ ਵਾਪਸ ਆਉਂਦੇ ਆਪਣੇ ਨਾਲ ਉਸ ਲੱਕੜੀ ਦੇ ਕੁਝ ਹਿੱਸੇ ਲੈ ਕੇ ਆਏ ਸਨ ਜੋ ਉਸ ਕਿਸ਼ਤੀ ਦਾ ਹਿੱਸਾ ਸਨ। ਜਦੋਂ ਇਸ ਨੂੰ ਕਾਰਬਨ-14 ਡੇਟਿੰਗ ਦੇ ਅਧੀਨ ਕੀਤਾ ਜਾਂਦਾ ਹੈ, ਇਹ ਸਭ ਖੋਜਕਰਤਾਵਾਂ ਦੇ ਲਈ ਨਿਰਾਸ਼ਾਜਨਕ ਸਾਬਤ ਹੋਏ ਹਨ, ਜਿਸ ਦਾ ਅਰਥ ਇਹ ਹੈ ਕਿ ਇਨ੍ਹਾਂ ਦੀਆਂ ਤਾਰੀਖਾਂ ਪੰਜਵੀਂ ਸਦੀ ਈਸਵੀ (ਜਾਂ ਬਾਅਦ) ਦੇ ਲਗਭਗ ਹਨ – ਹਜ਼ਾਰਾਂ ਸਾਲ ਨੂਹ ਦੇ ਸਮੇਂ ਤੋਂ ਬਹੁਤ ਥੋੜ੍ਹੇ ਹੋਣਗੇ। ਇਸ ਤੋਂ ਇਲਾਵਾ, ਕੋਈ ਵੀ ਵਿਗਿਆਨਕ ਪੁਰਾਤੱਤਵ ਖੁਦਾਈਆਂ ਇਸ ਸਮੇਂ ਕਿਸੇ ਵੀ ਪ੍ਰਸਤਾਵਿਤ ਥਾਵਾਂ ਤੇ ਨਹੀਂ ਚੱਲ ਰਹੀਆਂ ਹਨ ਅਤੇ ਕ੍ਰਿਤੀਆਂ ਦੀ ਕੋਈ ਵੀ ਵਿਗਿਆਨਕ ਤਾਰੀਖ ਨੇ ਇਨ੍ਹਾਂ ਵਿੱਚੋਂ ਕਿਸੇ ਦਾਅਵੇ ਦੀ ਪੁਸ਼ਟੀ ਨਹੀਂ ਕੀਤੀ। ਬਾਈਬਲ ਦੇ ਵਿਦਿਆਰਥੀਆਂ ਨੂੰ ਨਿਰਾਧਾਰ ਕਹਾਣੀਆਂ ਤੇ ਭਰੋਸਾ ਕਰਨ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ[5]; ਇੱਕ ਵਿਅਕਤੀ ਉਨ੍ਹਾਂ ਖੋਜਕਰਤਾਵਾਂ ਦੇ ਸੰਦਿਗਧ ਬਿਰਤਾਂਤਾਂ ਨੂੰ ਸਵੀਕਾਰ ਕੀਤੇ

ਬਿਨਾਂ ਜਿਹੜੇ ਕਿਸ਼ਤੀ ਨੂੰ ਲੱਭਣ ਦਾ ਦਾਅਵਾ ਕਰਦੇ ਹਨ ਬਾਈਬਲ ਵਿੱਚ ਦਿੱਤੇ ਜਲ ਪਰਲੋ ਦੇ ਬਿਰਤਾਂਤ ਤੇ ਵਿਸ਼ਵਾਸ ਕਰ ਸਕਦਾ ਹੈ।

**ਆਇਤ 5. ਪਾਣੀ ਦਸਵੇਂ ਮਹੀਨੇ ਤੀਕਰ ਘਟਦੇ ਗਏ ਅਤੇ ਫਿਰ** [ਉਸ] **ਮਹੀਨੇ ਦੇ ਪਹਿਲੇ ਦਿਨ ਪਹਾੜਾਂ ਦੀਆਂ ਟੀਸੀਆਂ ਦਿਸ ਪਈਆਂ।** ਕੀ ਆਇਤ 4 ਵਿਚਕਾਰ ਜੋ ਕਹਿੰਦੀ ਹੈ ਕਿ "ਕਿਸ਼ਤੀ ਅਰਾਰਾਤ ਪਹਾੜ ਉੱਤੇ ਟਿਕ ਗਈ" ਅਤੇ ਆਇਤ 5 ਜੋ ਇਹ ਦੱਸਦੀ ਹੈ ਕਿ ਜਦੋਂ ਤੱਕ ਦੋ ਮਹੀਨੇ ਨਹੀਂ ਹੋ ਗਏ "ਪਹਾੜਾਂ ਦੀਆਂ ਟੀਸੀਆਂ" ਨਹੀਂ "ਦਿੱਸੀਆਂ" ਵਿਰੋਧਾਭਾਸ ਹੈ? ਸੱਚਮੁੱਚ ਕੋਈ ਸਮੱਸਿਆ ਨਹੀਂ ਹੈ। ਆਇਤ 4 ਇਹ ਨਹੀਂ ਕਹਿੰਦੀ ਕਿ ਜਿਸ ਸਮੇਂ ਕਿਸ਼ਤੀ ਪਹਾੜ ਤੇ ਜਾ ਕੇ ਟਿਕੀ ਉਸ ਸਮੇਂ ਖੁਸ਼ਕ ਭੂਮੀ ਦਿਖਾਈ ਦਿੱਤੀ ਸੀ। ਇਹ ਜ਼ਰੂਰੀ ਨਹੀਂ ਹੈ ਕਿਉਂਕਿ ਜਦੋਂ ਕਿਸ਼ਤੀ ਜ਼ਮੀਨ ਤੇ ਜਾ ਕੇ ਟਿਕੀ ਹੋਵੇਗੀ ਇਹ ਅੱਧੀ ਪਾਣੀ ਵਿੱਚ ਡੁੱਬੀ ਹੋਈ ਹੋਵੇਗੀ। ਕਿਸ਼ਤੀ ਵਿੱਚ ਜੋ ਲੋਕ ਸਵਾਰ ਸਨ ਉਨ੍ਹਾਂ ਨੇ ਜਦੋਂ ਕਿਸ਼ਤੀ ਕਿਸੇ ਠੋਸ ਜਗ੍ਹਾ ਤੇ ਟਿਕੀ ਹੋਵਗੀ ਉਸ ਦੀ ਅਵਾਜ਼ ਨੂੰ ਸੁਣਿਆ ਅਤੇ ਉਨ੍ਹਾਂ ਨੂੰ ਕਿਸ਼ਤੀ ਵਿੱਚ ਬੈਠੇ ਕਿਸ਼ਤੀ ਦੇ ਉਸ ਤੇ ਟਿਕਦਿਆਂ ਸਾਰ ਝਟਕਾ ਲੱਗਾ ਹੋਵੇਗਾ ਅਤੇ ਥੋੜ੍ਹੇ ਹੀ ਸਮੇਂ ਵਿੱਚ, ਜਦੋਂ ਪਾਣੀ ਘਟਦੇ ਗਏ, ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੋਵੇਗਾ ਕਿ ਉਹ ਪਹਾੜ ਦੇ ਟੀਸੀ ਤੇ ਆ ਟਿਕੇ ਹਨ। ਹਾਲਾਂਕਿ ਉਹ ਕਿਸੇ ਠੋਸ ਜ਼ਮੀਨ ਤੇ ਜਾ ਟਿਕੇ ਸਨ, ਉਸ ਇਲਾਕੇ ਵਿੱਚ ਹੋਰ ਪਹਾੜਾਂ ਦੀਆਂ ਟੀਸੀਆਂ ਦਿਸਣ ਤੋਂ ਪਹਿਲਾਂ ਦੋ ਮਹੀਨਿਆਂ ਤੋਂ ਵੀ ਜ਼ਿਆਦਾ ਸਮਾਂ ਬੀਤ ਗਿਆ ਸੀ। ਇਨ੍ਹਾਂ ਨੂੰ "ਅਰਾਰਾਤ ਦੇ ਪਹਾੜਾਂ" ਵਜੋਂ ਪਛਾਣਿਆ ਗਿਆ ਹੈ।

## ਸੁੱਕੀ ਭੂਮੀ ਦਿਖਾਈ ਦੇਣਾ (8:6-14)

**6ਤਾਂ ਐਉਂ ਹੋਇਆ ਕਿ ਚਾਲੀਆਂ ਦਿਨਾਂ ਦੇ ਅੰਤ ਵਿੱਚ ਨੂਹ ਨੇ ਕਿਸ਼ਤੀ ਦੀ ਖਿੜਕੀ ਜਿਹ**
**ਨੂੰ ਉਸ ਨੇ ਬਣਾਇਆ ਸੀ ਖੋਲ੍ਹ ਦਿੱਤਾ। 7ਅਤੇ ਉਸ ਨੇ ਇੱਕ ਪਹਾੜੀ ਕਾਉਂ ਨੂੰ ਛੱਡਿਆ ਅਰ ਜਦ**
**ਤਾਈਂ ਪਾਣੀ ਧਰਤੀ ਤੋਂ ਨਾ ਸੁੱਕ ਗਏ ਉਹ ਆਉਂਦਾ ਜਾਂਦਾ ਰਿਹਾ। 8ਫੇਰ ਉਸ ਨੇ ਇੱਕ ਘੁੱਗੀ ਭੀ**
**ਆਪਣੇ ਵੱਲੋਂ ਛੱਡੀ ਤਾਂ ਜੋ ਉਹ ਵੇਖੇ ਕਿ ਪਾਣੀ ਜ਼ਮੀਨ ਦੇ ਉੱਤੋਂ ਘਟ ਗਿਆ ਹੈ ਕਿ ਨਹੀਂ। 9ਪਰ**
**ਉਸ ਘੁੱਗੀ ਨੂੰ ਆਪਣੇ ਪੈਰ ਦੇ ਪੰਜੇ ਲਈ ਕੋਈ ਟਿਕਾਣਾ ਨਾ ਲੱਭਾ ਸੋ ਉਹ ਕਿਸ਼ਤੀ ਵਿੱਚ ਉਹ ਦੇ**
**ਕੋਲ ਮੁੜ ਆਈ ਕਿਉਂਜੋ ਪਾਣੀ ਸਾਰੀ ਧਰਤੀ ਉੱਤੇ ਸੀ ਤਾਂ ਉਸ ਨੇ ਆਪਣਾ ਹੱਥ ਵਧਾਕੇ ਉਹ ਨੂੰ**
**ਫੜ ਲਿਆ ਅਰ ਆਪਣੇ ਕੋਲ ਕਿਸ਼ਤੀ ਵਿੱਚ ਰੱਖ ਲਿਆ। 10ਅਤੇ ਉਹ ਦੇ ਸੱਤ ਦਿਨ ਹੋਰ**
**ਠਹਿਰਕੇ ਫੇਰ ਕਿਸ਼ਤੀ ਤੋਂ ਉਸ ਘੁੱਗੀ ਨੂੰ ਛੱਡਿਆ। 11ਉਹ ਘੁੱਗੀ ਸ਼ਾਮ ਨੂੰ ਉਹ ਦੇ ਕੋਲ ਆਈ**
**ਅਤੇ ਵੇਖੋ ਉਹ ਦੀ ਚੁੰਝ ਵਿੱਚ ਜ਼ੈਤੂਨ ਦਾ ਸੱਜਰਾ ਪੱਤਾ ਸੀ ਸੋ ਨੂਹ ਨੇ ਜਾਣ ਲਿਆ ਭਈ ਪਾਣੀ**
**ਧਰਤੀ ਉੱਤੋਂ ਘਟ ਗਿਆ ਹੈ। 12ਤਦ ਉਹ ਨੇ ਸੱਤ ਦਿਨ ਹੋਰ ਵੀ ਠਹਿਰਕੇ ਘੁੱਗੀ ਨੂੰ ਫਿਰ**
**ਛੱਡਿਆ ਅਰ ਉਹ ਮੁੜ ਉਹ ਦੇ ਕੋਲ ਨਾ ਆਈ। 13ਤਾਂ ਐਉਂ ਹੋਇਆ ਕਿ ਛੇ ਸੌ ਇੱਕ ਵਰਹੇ ਦੇ**
**ਪਹਿਲੇ ਮਹੀਨੇ ਦੇ ਪਹਿਲੇ ਦਿਨ ਪਾਣੀ ਧਰਤੀ ਉੱਤੋਂ ਸੁੱਕ ਗਿਆ ਅਤੇ ਨੂਹ ਨੇ ਕਿਸ਼ਤੀ ਦੀ ਛੱਤ**
**ਖੋਲ੍ਹਕੇ ਨਿਗਾਹ ਮਾਰੀ ਅਤੇ ਵੇਖੋ ਜ਼ਮੀਨ ਦੀ ਪਰਤ ਸੁੱਕ ਗਈ। 14ਦੂਜੇ ਮਹੀਨੇ ਦੇ ਸਤਾਈਵੇਂ**
**ਦਿਨ ਧਰਤੀ ਸੁੱਕੀ ਪਈ ਸੀ।**

**ਆਇਤ 6.** ਪਰਤੱਖ ਰੂਪ ਵਿੱਚ, ਚਾਲੀਆਂ ਦਿਨਾਂ ਬਾਅਦ "ਪਹਾੜਾਂ ਦੀਆਂ ਟੀਸੀਆਂ ਦਿਸ ਪਈਆਂ" (8:5) ਅਤੇ ਫਿਰ ਅੰਤ ਵਿੱਚ **ਨੂਹ ਨੇ ਕਿਸ਼ਤੀ ਦੀ ਖਿੜਕੀ** [חַלּוֹן, *ਚਾਲੋਨ*[6]] **ਨੂੰ ਖੋਲ੍ਹ ਦਿੱਤਾ**। ਬਿਰਤਾਂਤ ਨੂੰ ਜੇਕਰ ਸਹੀ ਤਰ੍ਹਾਂ ਪੜ੍ਹੀਏ ਤਾਂ ਇਹ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਨੂਹ ਤਦ ਤੱਕ ਕਿਸ਼ਤੀ ਵਿੱਚੋਂ ਨਿੱਕਲਣ ਤੋਂ ਝਿੱਜਕਦਾ ਸੀ ਜਦੋਂ ਤੱਕ ਉਸ ਨੂੰ ਇਹ ਨਿਸ਼ਚਤ

ਨਹੀਂ ਹੋ ਗਿਆ ਕਿ ਹੁਣ ਸਮਾਂ ਸਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਹ ਕਿਸ਼ਤੀ ਵਿੱਚ ਜਿੰਨੇ ਵੀ ਜਣੇ ਸਵਾਰ ਸਨ – ਨਾ ਸਿਰਫ ਮਨੁੱਖਾਂ, ਪਰ ਬਾਕੀ ਜਿਉਂਦੇ ਪ੍ਰਾਣੀਆਂ ਦੀ ਵੀ – ਸੁਰੱਖਿਆ ਨੂੰ ਨਿਸ਼ਚਤ ਬਣਾਉਣਾ ਚਾਹੁੰਦਾ ਸੀ। ਉਹ "ਖਿੜਕੀ" ਜੋ "ਨੂਹ ਨੇ ਖੋਲ੍ਹੀ" ਉਹ ਛੱਤ ਵਿੱਚ ਇੱਕ ਆਹਲ੍ਹਣੇ ਵਰਗੀ ਹੋਵੇਗੀ, ਕਿਉਂਕਿ ਇਸ ਨੂੰ ਉਸ ਨੂੰ ਜ਼ਮੀਨ ਤੇ ਘਟਦੇ ਹੋਏ ਪਾਣੀਆਂ ਨੂੰ ਨਹੀਂ ਵੇਖਣ ਦਿੱਤਾ। ਇਹ ਇਸ ਗੱਲ ਦੀ ਵਿਆਖਿਆ ਕਰਦਾ ਹੈ ਕਿ ਕਿਉਂ ਉਸ ਨੂੰ ਇਹ ਪਤਾ ਲਗਾਉਣ ਦੇ ਲਈ ਕਿ ਉਹ ਜ਼ਮੀਨ ਦੇ ਨੇੜੇ ਸਨ ਜਾਂ ਨਹੀਂ ਪੰਛੀਆਂ ਨੂੰ ਭੇਜਣਾ ਪਿਆ ਸੀ।

**ਆਇਤ 7.** ਕਿਉਂਕਿ ਮਨੁੱਖ ਦੀ ਬੁਰਾਈ ਸੰਬੰਧੀ ਪਰਮੇਸ਼ੁਰ ਦੇ ਅਸਲੀ ਪਰਕਾਸ਼ਾਂ ਦੇ ਸਮੇਂ ਤੋਂ ਹੀ, ਕਿਸ਼ਤੀ ਨੂੰ ਬਣਾਉਣ ਦੀ ਲੋੜ, ਕਿਹੜੇ ਜਾਨਵਰ ਕਿਸ਼ਤੀ ਵਿੱਚ ਲੈ ਕੇ ਜਾਣੇ ਸਨ ਅਤੇ ਆਉਣ ਵਾਲੀ ਜਲ ਪਰਲੋ, ਇਹ ਸਭ ਗੱਲਾਂ ਪਰਤੱਖ ਰੂਪ ਵਿੱਚ ਯਹੋਵਾਹ ਨੂੰ ਨਹੀਂ ਸੀ ਦੱਸੀਆਂ। ਮੂਲ ਲਿਖਤ ਅਨੁਸਾਰ, 8:15 ਤੱਕ ਪਰਮੇਸ਼ੁਰ ਨੇ ਨੂਹ ਨਾਲ ਗੱਲ ਨਹੀਂ ਸੀ ਕੀਤੀ; ਇਸ ਲਈ ਸਿਰਫ ਨੂਹ ਪੰਛੀਆਂ ਨੂੰ ਭੇਜ ਕੇ ਹੀ ਇਸ ਗੱਲ ਦਾ ਪਤਾ ਲਗਾ ਸਕਦਾ ਸੀ ਜ਼ਮੀਨ ਵੱਸਣ ਦੇ ਲਈ ਸੁੱਕ ਗਈ ਹੈ ਜਾਂ ਨਹੀਂ।

ਪਹਿਲਾ ਪੰਛੀ ਜੋ ਨੂਹ ਨੇ **ਛੱਡਿਆ** ਉਹ **ਪਹਾੜੀ ਕਾਉਂ** ਸੀ, ਜਿਹੜਾ ਕਿ ਉਸ ਘੁੱਗੀ ਨਾਲੋਂ ਜ਼ਿਆਦਾ ਤਾਕਤਵਰ ਸੀ ਜਿਸ ਨੂੰ ਉਸ ਨੇ ਬਾਅਦ ਵਿੱਚ ਛੱਡਿਆ।[7] ਕਿਉਂਕਿ ਪਹਾੜੀ ਕਾਉਂ ਅਸ਼ੁੱਧ ਮੁਰਦਾਖੋਰ ਸੀ (ਲੇਵੀਆਂ 11:13, 15; ਬਿਵਸਥਾ ਸਾਰ 14:12, 14), ਇਹ ਮੁਰਦਾ ਜਾਨਵਰਾਂ ਦੀਆਂ ਲਾਸ਼ਾਂ ਨੂੰ ਆਪਣੇ ਭੋਜਨ ਬਣਾ ਸਕਦਾ ਸੀ ਜੋ ਪਾਣੀ ਉੱਤੇ ਤੈਰ ਰਹੀਆਂ ਸਨ। ਇਸ ਲਈ, ਇਸ ਨੂੰ ਰਹਿਣ ਦੇ ਲਈ ਖੁਸ਼ਕ ਭੂਮੀ ਨੂੰ ਲੱਭਣਾ ਜ਼ਰੂਰੀ ਨਹੀਂ ਸੀ; ਨਾ ਹੀ ਪੰਛੀ ਨੂੰ ਕਿਸ਼ਤੀ ਦੀ ਛੱਤ ਥਾਣੀਂ ਵਾਪਸ ਉੱਡ ਕੇ ਜਾ ਕੇ ਬਸੇਰਾ ਲੱਭਣ ਦੀ ਲੋੜ ਸੀ। ਸੰਭਵਤਾ ਸਮੇਂ ਸਮੇਂ ਤੇ ਉਨ੍ਹਾਂ ਦਿਸਣ ਵਾਲੀਆਂ ਚਟਾਨਾਂ ਤੇ ਕਦਮ ਰੱਖਣ ਤੋਂ ਇਲਾਵਾ ਜਿਨ੍ਹਾਂ ਤੇ ਕਿਸ਼ਤੀ ਜਾ ਕੇ ਟਿਕ ਗਈ ਸੀ ਜਾਂ ਕਿਸ਼ਤੀ ਦੀ ਛੱਤ ਤੇ, **ਜਦ ਤਾਈਂ ਪਾਣੀ ਧਰਤੀ ਤੋਂ ਨਾ ਸੁੱਕ ਗਏ ਉਹ ਆਉਂਦਾ ਜਾਂਦਾ ਰਿਹਾ।**

**ਆਇਤਾਂ 8, 9.** ਫਿਰ, ਨੂਹ ਨੇ ਇਹ ਜਾਣਨ ਦੇ ਲਈ ਕਿ ਧਰਤੀ ਸੁੱਕ ਗਈ ਹੈ ਜਾਂ ਨਹੀਂ **ਘੁੱਗੀ ਨੂੰ ਛੱਡਿਆ**। ਘੁੱਗੀ ਨੂੰ ਇੱਕ ਸ਼ੁੱਧ ਪੰਛੀ ਸਮਝਿਆ ਜਾਂਦਾ ਸੀ (15:9; ਲੇਵੀਆਂ 12:6) ਅਤੇ ਪੇੜ ਪੌਦੇ ਜਾਂ ਬਨਸਪਤੀ ਖਾਂਦੀ ਸੀ। ਕਿਉਂਕਿ ਇਸ ਕਿਸਮ ਦੇ ਪੰਛੀ ਵਾਦੀਆਂ ਵਿੱਚ ਰਹਿੰਦੇ ਸਨ, ਘੁੱਗੀ ਨੂੰ "ਇਹ ਪਤਾ ਲਗਾਉਣ ਦੇ ਲਈ ਭੇਜਿਆ ਗਿਆ ਸੀ ਕਿ ਨਿਚਲੇ ਇਲਾਕੇ ਵੱਸਣਯੋਗ ਹੋਏ ਸਨ ਜਾਂ ਨਹੀਂ।"[8] ਘੁੱਗੀ ਕਬੂਤਰ ਜਾਤੀ ਦਾ ਇੱਕ ਮੈਂਬਰ ਹੈ। ਕੁਝ ਲੋਕ ਇਹ ਸੁਝਾਅ ਦਿੰਦੇ ਹਨ ਨੂਹ ਦੇ ਕਿਸ਼ਤੀ ਡਾਕ ਦੇ ਕਬੂਤਰ ਸਨ।[9] ਇਹ ਘੁੱਗੀ ਅਸਲ ਵਿੱਚ ਡਾਕ ਦਾ ਕਬੂਤਰ ਸੀ ਜਾਂ ਨਹੀਂ, ਇਹ ਨੂਹ ਕੋਲ ਮੁੜ ਵਾਪਸ ਨਹੀਂ ਆਈ।

ਹਾਲੇ ਵੀ **ਪਾਣੀ ਸਾਰੀ ਧਰਤੀ ਉੱਤੇ ਸੀ** ਇਸ ਲਈ **ਉਸ ਨੂੰ ਪੈਰ ਦੇ ਪੰਜੇ ਲਈ ਕੋਈ ਟਿਕਾਣਾ ਨਾ ਲੱਭਾ**। ਅਨੁਵਾਦ ਕੀਤਾ ਗਿਆ ਸ਼ਬਦ "ਟਿਕਾਣਾ" ਇਬਰਾਨੀ ਸ਼ਬਦ (מָנוֹחַ, *ਮਾਨੋਆਚ*) ਤੋਂ ਆਇਆ ਹੈ ਜੋ ਕਿ ਨੂਹ (נֹחַ, *ਨੋਆਚ*) ਦੇ ਨਾਮ ਵਰਗਾ ਹੀ ਹੈ (5:28, 29; 8:4 ਤੇ ਟਿੱਪਣੀਆਂ ਵੇਖੋ)। ਘੁੱਗੀ ਨੂੰ ਵਾਪਸ ਕਿਸ਼ਤੀ ਵਿੱਚ ਵਾੜਨ ਬਾਰੇ ਨੂਹ ਦਾ ਵਰਣਨ ਕਾਫੀ ਮਨੋਹਰ ਹੈ: **ਤਾਂ ਉਸ ਨੇ ਆਪਣਾ ਹੱਥ ਵਧਾਕੇ ਉਹ ਨੂੰ ਫੜ ਲਿਆ ਅਰ ਆਪਣੇ ਕੋਲ ਕਿਸ਼ਤੀ ਵਿੱਚ ਰੱਖ ਲਿਆ।**

**ਆਇਤ 10.** ਨੂਹ ਨੇ **ਸੱਤ ਦਿਨ ਹੋਰ ਠਹਿਰਕੇ ਫੇਰ ਘੁੱਗੀ ਨੂੰ ਛੱਡਿਆ**। ਇਸ ਦਾ ਅਰਥ ਇਹ ਹੈ ਕਿ ਉਸ ਨੇ ਪਹਾੜੀ ਕਾਉਂ ਨੂੰ ਭੇਜਣ ਤੋਂ ਬਾਅਦ ਅਤੇ ਪਹਿਲੀ ਵਾਰ ਘੁੱਗੀ ਨੂੰ ਭੇਜਣ ਤੋਂ ਪਹਿਲਾਂ ਸੱਤ ਦਿਨ ਉਡੀਕ ਕੀਤੀ (8:8)। ਫਿਰ, ਹੋਰ ਸੱਤ ਦਿਨ ਠਹਿਰਕੇ ਉਸ ਨੇ ਘੁੱਗੀ ਨੂੰ

ਦੂਜੀ ਵਾਰ ਘੱਲਿਆ।

**ਆਇਤ 11. ਘੁੱਗੀ ਸ਼ਾਮ ਨੂੰ** ਉਹ ਦੇ ਕੋਲ ਵਾਪਸ ਆਈ ਅਤੇ **ਉਹ ਦੀ ਚੁੰਝ ਵਿੱਚ ਜ਼ੈਤੂਨ ਦਾ ਸੱਜਰਾ ਪੱਤਾ ਸੀ**। ਸੱਜਰਾ ਪੱਤਾ ਹਾਲੇ ਨਵਾਂ-ਨਵਾਂ ਉੱਗਿਆ ਸੀ ਅਤੇ ਇਹ ਇਸ ਗੱਲ ਦਾ ਸਬੂਤ ਸੀ ਕਿ ਜ਼ਮੀਨ ਸੁੱਕ ਗਈ ਹੈ ਅਤੇ ਇਹ ਇੱਕ ਵਾਰ ਫੇਰ ਜਿਵੇਂ ਆਦ ਵਿੱਚ ਸੀ ਫਲਦਾਇਕ ਹੋ ਰਹੀ ਸੀ (1:11, 12, 30)। **ਨੂਹ ਨੇ** [ਹੁਣ] **ਜਾਣ ਲਿਆ ਭਈ ਪਾਣੀ ਧਰਤੀ ਉੱਤੋਂ ਘਟ ਗਿਆ ਹੈ**, ਕਿਉਂਕਿ ਜ਼ੈਤੂਨ ਦੇ ਰੁੱਖ ਉਚਾਈਆਂ ਤੇ ਨਹੀਂ ਸੀ ਉੱਗਦੇ।

**ਆਇਤ 12.** ਇਸ ਲਈ, ਉਸ ਨੇ ਤੀਜੀ ਵਾਰ **ਸੱਤ ਦਿਨ ਹੋਰ ਵੀ ਠਹਿਰਕੇ ਘੁੱਗੀ ਨੂੰ ਛੱਡਿਆ** ਅਤੇ ਇਸ ਵਾਰ **ਉਹ ਮੁੜ ਉਹ ਦੇ ਕੋਲ ਨਾ ਆਈ**। ਇਸ ਉਡਾਣ ਦੌਰਾਨ, ਇਸ ਪੰਛੀ ਨੂੰ ਪਰਤੱਖ ਰੂਪ ਵਿੱਚ ਅਜਿਹਾ ਵਾਤਾਵਰਣ ਜਾਂ ਮਾਹੌਲ ਮਿਲਿਆ ਜੋ ਉਸ ਦੇ ਰਹਿਣ ਸਹਿਣ ਦੇ ਲਈ ਅਨੁਕੂਲ ਸੀ; ਇਸ ਲਈ ਉਸ ਨੇ ਕਿਸ਼ਤੀ ਵੱਲ ਮੁੜ ਕੇ ਜਾਣਾ ਜ਼ਰੂਰੀ ਨਹੀਂ ਸਮਝਿਆ।

**ਆਇਤ 13.** ਜਲ ਪਰਲੋ ਦੇ ਬਿਰਤਾਂਤ ਵਿੱਚ ਸਮੇਂ ਦੇ ਪਹਿਲੂ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਸਾਨੂੰ ਦੱਸਿਆ ਗਿਆ ਹੈ ਕਿ **ਛੇ ਸੌ ਇੱਕ ਵਰਹੇ ਦੇ ਪਹਿਲੇ ਮਹੀਨੇ ਪਾਣੀ ਧਰਤੀ ਉੱਤੋਂ ਸੁੱਕ ਗਿਆ**। ਨੂਹ ਜਾਣਦਾ ਸੀ ਕਿ ਉਸ ਦੇ ਅਤੇ ਉਸ ਦੇ ਪਰਿਵਾਰ ਦੇ ਲਈ ਬਾਕੀ ਜੀਵ ਜੰਤੂਆਂ ਸਮੇਤ ਕਿਸ਼ਤੀ ਵਿੱਚੋਂ ਨਿੱਕਲਣ ਦਾ ਸਮਾਂ ਨੇੜਾ ਆ ਰਿਹਾ ਸੀ; ਇਸ ਲਈ ਉਸ ਨੇ **ਕਿਸ਼ਤੀ ਦੀ ਛੱਤ ਖੋਲ੍ਹਕੇ** ਨਿਗਾਹ ਮਾਰੀ ਤਾਂ ਵੇਖੋ **ਜ਼ਮੀਨ ਦੀ ਪਰਤ ਸੁੱਕ ਗਈ**।

**ਆਇਤ 14.** ਅੰਤ ਵਿੱਚ, **ਦੂਜੇ ਮਹੀਨੇ ਦੇ ਸਤਾਈਵੇਂ ਦਿਨ** ਨੂਹ ਨੇ ਵੇਖਿਆ ਕਿ **ਧਰਤੀ ਸੁੱਕੀ ਪਈ ਸੀ**। ਕਿਉਂਕਿ 8:14 ਵਿੱਚ ਜਿਨ੍ਹਾਂ ਘਟਨਾਵਾਂ ਦਾ ਵਰਣਨ ਕੀਤਾ ਗਿਆ ਹੈ ਉਨ੍ਹਾਂ ਘਟਨਾਵਾਂ ਨਾਲੋਂ ਜਿਨ੍ਹਾਂ ਦਾ ਵਰਣਨ 8:13 ਵਿੱਚ ਕੀਤਾ ਗਿਆ ਹੈ ਲਗਭਗ ਦੋ ਮਹੀਨੇ ਬਾਅਦ ਵਾਪਰੀਆਂ ਸਨ, ਬਾਅਦ ਵਾਲਾ ਕਥਨ ਸ਼ਾਇਦ ਪੰਜਾਬੀ ਪਾਠਕ ਦੇ ਲਈ ਥੋੜ੍ਹਾ ਉਲਝਣ ਵਾਲਾ ਹੋ ਸਕਦਾ ਹੈ। ਅਸਲ ਵਿੱਚ ਲੇਖਕ ਨੇ ਜ਼ਮੀਨ ਦੀ ਖੁਸ਼ਕੀ ਦਾ ਵਰਣਨ ਕਰਨ ਦੇ ਲਈ ਦੋ ਵੱਖ-ਵੱਖ ਇਬਰਾਨੀ ਸ਼ਬਦ ਵਰਤੇ ਸਨ। ਆਇਤ 13 ਵਿੱਚ, ਕਿਰਿਆ חָרֵב (*ਚਾਰੇਬ*) ਦਾ ਅਰਥ ਇਹ ਹੈ ਕਿ "ਧਰਤੀ ਤੋਂ ਪਾਣੀ ਸੁੱਕਣਾ *ਸ਼ੁਰੂ ਹੋ ਗਏ*,"[10] ਪਰ ਹਾਲੇ ਵੀ ਚਿੱਕੜ ਸੀ। ਆਇਤ 14 ਵਿੱਚ, ਇਬਰਾਨੀ ਸ਼ਬਦ יָבֵשׁ (*ਯਾਬੇਸ਼*) ਇਸ ਤੱਥ ਨੂੰ ਪਰਗਟ ਕਰਦਾ ਹੈ ਕਿ ਲਗਭਗ ਹੋ ਮਹੀਨੇ ਹੋਰ ਸੁੱਕਣ ਤੋਂ ਬਾਅਦ, ਜ਼ਮੀਨ ਪੂਰੀ ਤਰ੍ਹਾਂ ਸੁੱਕ ਗਈ ਸੀ[11] ਅਤੇ ਹੁਣ ਇਹ ਮਨੁੱਖਜਾਤੀ ਦੇ ਭਾਰ ਅਤੇ ਸਗੋਂ ਭਾਰੇ ਤੋਂ ਭਾਰੇ ਜਾਨਵਰਾਂ ਦੇ ਭਾਰ ਨੂੰ ਝੱਲਣ ਦੇ ਲਈ ਤਿਆਰ ਸੀ।

## ਕਿਸ਼ਤੀ ਵਿੱਚੋਂ ਨਿੱਕਲਣ ਲਈ ਪਰਮੇਸ਼ੁਰ ਦਾ ਹੁਕਮ (8:15-19)

**[15]ਤਦ ਪਰਮੇਸ਼ੁਰ ਨੂਹ ਨਾਲ ਬੋਲਿਆ, [16]ਕਿ ਕਿਸ਼ਤੀ ਵਿੱਚੋਂ ਨਿੱਕਲ ਜਾਹ ਤੂੰ ਅਰ ਤੇਰੀ ਤੀਵੀਂ ਅਤੇ ਤੇਰੇ ਪੁੱਤ੍ਰ ਅਰ ਤੇਰੀਆਂ ਨੂਹਾਂ ਵੀ। [17]ਹਰ ਇੱਕ ਜਾਨਵਰ ਨੂੰ ਜਿਹੜਾ ਤੇਰੇ ਕੋਲ ਸਾਰੇ ਸਰੀਰਾਂ ਵਿੱਚੋਂ ਹੈ ਅਰਥਾਤ ਪੰਛੀ ਅਤੇ ਡੰਗਰ ਅਰ ਹਰ ਧਰਤੀ ਪੁਰ ਘਿੱਸਰਨ ਵਾਲੇ ਨੂੰ ਤੂੰ ਆਪਣੇ ਨਾਲ ਬਾਹਰ ਲੈ ਜਾਹ ਤਾਂ ਜੋ ਓਹ ਧਰਤੀ ਉੱਤੇ ਫੈਲਣ ਅਰ ਫਲਣ ਅਰ ਧਰਤੀ ਪੁਰ ਵਧਣ। [18]ਤਦ ਨੂਹ ਅਰ ਉਹ ਦੇ ਪੁੱਤ੍ਰ ਅਰ ਉਹ ਦੀ ਤੀਵੀਂ ਅਰ ਉਹ ਦੀਆਂ ਨੂਹਾਂ ਉਹ ਦੇ ਨਾਲ ਬਾਹਰ ਨਿੱਕਲ ਗਏ। [19]ਅਤੇ ਹਰ ਜਾਨਵਰ ਅਰ ਹਰ ਘਿੱਸਰਨ ਵਾਲਾ ਅਰ ਹਰ ਪੰਛੀ ਅਰ ਹਰ ਧਰਤੀ ਪੁਰ ਚੱਲਣ ਵਾਲਾ ਆਪੋ ਆਪਣੀ ਜਾਤੀ ਦੇ ਅਨੁਸਾਰ ਕਿਸ਼ਤੀ ਵਿੱਚੋਂ ਬਾਹਰ ਨਿੱਕਲ ਗਿਆ।**

**ਆਇਤਾਂ 15-17.** ਨੂਹ ਪਹਿਲਾਂ ਤੋਂ ਹੀ ਜਾਣਦਾ ਸੀ ਕਿ ਜ਼ਮੀਨ ਪੂਰੀ ਤਰ੍ਹਾਂ ਸੁੱਕ ਚੁੱਕੀ ਹੈ

ਅਤੇ ਮਨੁੱਖਾਂ ਅਤੇ ਜਾਨਵਰਾਂ ਨੂੰ ਸਵੀਕਾਰ ਕਰਨ ਦੇ ਲਈ ਤਿਆਰ ਸੀ, ਪਰ ਉਸ ਨੇ ਇਸ ਦਿਸ਼ਾ ਵੱਲ ਜਾਣ ਦੀ ਤਦ ਤੱਕ ਕਲਪਨਾ ਨਹੀਂ ਸੀ ਕੀਤੀ ਜਦੋਂ ਤੱਕ ਉਸ ਨੂੰ ਪਰਮੇਸ਼ੁਰ ਦੀ ਵੱਲੋਂ ਵਚਨ ਪ੍ਰਾਪਤ ਨਹੀਂ ਸੀ ਹੋਇਆ। ਜਿਵੇਂ ਕਿ ਪਹਿਲਾਂ ਵੀ ਟਿੱਪਣੀ ਕੀਤੀ ਗਈ ਸੀ, ਮੂਲ ਲਿਖਤ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੰਦੀ ਕਿ ਕਿਸ਼ਤੀ ਵਿੱਚ ਵੜਨ ਤੋਂ ਲੈ ਕੇ ਹੁਣ ਤੱਕ ਯਹੋਵਾਹ ਨੇ ਨੂਹ ਨਾਲ ਗੱਲ ਨਹੀਂ ਸੀ ਕੀਤੀ (7:1-4)। ਇਸ ਵਫ਼ਾਦਾਰ ਪਿਤਾਪੁਰਖ ਨੇ ਕਿਸ਼ਤੀ ਵਿੱਚੋਂ ਨਿੱਕਲਣ ਤੋਂ ਪਹਿਲਾਂ ਰੱਬੀ ਮਾਰਗ ਦਰਸ਼ਨ ਦੇ ਲਈ ਧੀਰਜ ਨਾਲ ਉਡੀਕ ਕੀਤੀ।

ਜਦੋਂ ਸਹੀ ਸਮਾਂ ਆਇਆ, ਪਰਮੇਸ਼ੁਰ ਨੂਹ ਨਾਲ ਬੋਲਿਆ ਅਤੇ ਉਸ ਨੂੰ **ਪੰਛੀ ਅਤੇ ਡੰਗਰ ਅਤੇ ਹਰ ਧਰਤੀ ਪੁਰ ਘਿੱਸਰਨ ਵਾਲਿਆਂ** ਸਮੇਤ ਆਪਣੇ ਪਰਿਵਾਰ ਨਾਲ **ਕਿਸ਼ਤੀ ਵਿੱਚੋਂ ਬਾਹਰ ਨਿੱਕਲਣ** ਦੇ ਲਈ ਆਖਿਆ। ਉਨ੍ਹਾਂ ਨੇ ਇੱਕ ਨਵੇਂ ਸੰਸਾਰ ਵਿੱਚ ਦਾਖ਼ਲ ਹੋਣਾ ਸੀ ਜਿਸ ਨੂੰ ਰੱਬੀ ਨਿਆਂ ਨੇ ਇਸ ਦੇ ਵਾਸੀਆਂ ਦੀ ਬੁਰਿਆਈ ਤੋਂ ਸ਼ੁੱਧ ਕਰ ਦਿੱਤਾ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਸ਼ਤੀ ਵਿੱਚ ਸ਼ਾਨਦਾਰ ਛੁਟਕਾਰੇ ਦੇ ਨਾਲ ਇੱਕ ਨਵੀਂ ਸ਼ੁਰੂਆਤ ਦਿੱਤੀ ਸੀ। ਇੱਕ ਭਾਵ ਵਿੱਚ, ਨੂਹ ਇੱਕ ਨਵਾਂ ਆਦਮ ਸੀ। ਉਸ ਨੇ ਅਤੇ ਉਸ ਦੇ ਪਰਿਵਾਰ ਨੇ ਇੱਕ ਨਵੀਂ ਸਰਿਸ਼ਟੀ ਵਿੱਚ ਇੱਕ ਨਵੀਂ ਸ਼ੁਰੂਆਤ ਕਰਨੀ ਸੀ। ਇਹੀ ਗੱਲ ਜਾਨਵਰਾਂ ਦੇ ਬਾਰੇ ਵੀ ਸੱਚ ਸੀ। ਇੱਕ ਵਾਰ ਫੇਰ ਉਨ੍ਹਾਂ ਨੇ **ਧਰਤੀ ਉੱਤੇ ਫੈਲਣਾ ਅਰ ਫਲਣਾ** ਸੀ।

**ਆਇਤਾਂ 18, 19.** ਇਹ ਆਇਤਾਂ 6:13-22 ਅਤੇ 7:1-5 ਵਿੱਚ ਵਰਣਨ ਕੀਤੀਆਂ ਗਈਆਂ ਘਟਨਾਵਾਂ ਆਤਮਿਕ ਅਵਲੰਬ ਗਠਿਤ ਕਰਦੀਆਂ ਹਨ। ਪਹਿਲਾਂ ਰੱਬੀ ਬਾਣੀ ਆਈ (8:15-17) ਅਤੇ ਫਿਰ ਇਹ ਟਿੱਪਣੀ ਕਿ ਨੂਹ ਨੇ ਯਹੋਵਾਹ ਦੇ ਹੁਕਮਾਂ ਦਾ ਪਾਲਣ ਕੀਤਾ (8:18, 19)। ਰੱਬੀ ਹੁਕਮਾਂ ਦੇ ਪ੍ਰਤੀ ਵਫ਼ਾਦਾਰ ਜਵਾਬ ਵਿੱਚ, **ਨੂਹ ਅਰ ਉਹ ਦੇ ਪੁੱਤ੍ਰ ਅਰ ਉਹ ਦੀ ਤੀਵੀਂ ਅਰ ਉਹ ਦੀਆਂ ਨੂਹਾਂ ਉਹ ਦੇ ਨਾਲ . . . ਹਰ ਜਾਨਵਰ ਅਰ ਹਰ ਘਿੱਸਰਨ ਵਾਲਾ ਅਰ ਹਰ ਪੰਛੀ ਅਰ ਹਰ ਧਰਤੀ ਪੁਰ ਚੱਲਣ ਵਾਲਾ ਕਿਸ਼ਤੀ ਵਿੱਚੋਂ ਬਾਹਰ ਨਿੱਕਲ ਗਿਆ।**

ਸਾਰੇ ਪ੍ਰਾਣੀ ਜਿਹੜੇ ਕਿਸ਼ਤੀ ਦੇ ਅੰਦਰ ਸਨ **ਆਪੋ ਆਪਣੀ ਜਾਤੀ ਦੇ ਅਨੁਸਾਰ ਕਿਸ਼ਤੀ ਵਿੱਚ ਬਾਹਰ ਨਿੱਕਲ ਗਏ**। ਇੱਥੇ ਜਿਹੜਾ ਇਬਰਾਨੀ ਸ਼ਬਦ מִשְׁפָּחָה (*ਮਿਸਪਚਾਹ*) ਵਰਤਿਆ ਗਿਆ ਹੈ ਅਕਸਰ ਇੱਕ ਵੱਡੇ ਸਮੂਹ ਜਿਵੇਂ ਕਿ ਇੱਕ ਵੰਸ਼ ਜਾਂ ਗੋਤ ਦੇ ਉਪਖੰਡ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਮਨੁੱਖੀ ਖੇਤਰ ਵਿੱਚ, *ਮਸਪਚਾਹ* ਵਿੱਚ ਸੰਬੰਧਤ ਪਰਿਵਾਰ ਜਾਂ ਵੰਸ਼ ਸ਼ਾਮਲ ਹੋ ਸਕਦੇ ਹਨ ਜਿਹੜੇ ਅੰਤ ਵਿੱਚ ਇੱਕ ਜਾਤੀ ਦਾ ਰੂਪ ਲੈ ਲੈਂਦੇ ਹਨ,[12] ਉਸੇ ਤਰ੍ਹਾਂ ਜਿਵੇਂ ਯਾਕੂਬ ਦੇ ਪੁੱਤਰਾਂ ਨੇ ਪਰਿਵਾਰਾਂ, ਵੰਸ਼ਾਂ ਦਾ ਰੂਪ ਲੈ ਲਿਆ ਅਤੇ ਅੰਤ ਵਿੱਚ ਉਹ ਬਾਰਾ ਗੋਤਰ (ਇਸਰਾਏਲ ਦੀ ਕੌਮ) ਬਣ ਗਏ। ਫਿਰ ਵੀ, ਇਸ ਸਮੇਂ ਨੂਹ ਦਾ ਪਰਿਵਾਰ ਬਹੁਤ ਛੋਟਾ ਸੀ, ਜਿਸ ਵਿੱਚ ਉਸ ਦੀ ਪਤਨੀ, ਉਨ੍ਹਾਂ ਦੇ ਤਿੰਨ ਪੁੱਤਰ ਅਤੇ ਉਨ੍ਹਾਂ ਦੇ ਦੀਆਂ ਪੁੱਤਰਾਂ ਦੀਆਂ ਪਤਨੀਆਂ ਸ਼ਾਮਲ ਸਨ। "ਪਰਿਵਾਰਾਂ" ਬਾਰੇ ਇਸ ਕਥਨ ਦਾ ਮੁੱਢਲਾ ਜ਼ੋਰ ਇਹ ਹੈ ਕਿ ਸਾਰੇ ਜਾਨਵਰ ਕਿਸ਼ਤੀ ਵਿੱਚੋਂ ਬਾਹਰ ਨਿੱਕਲੇ। "ਪਰਿਵਾਰਾਂ" ਸ਼ਬਦ ਇਸਤੇਮਾਲ ਕਰਨ ਦੀ ਬਜਾਇ, ਦੂਜੇ ਅਨੁਵਾਦ ਕਹਿੰਦੇ ਹਨ ਕਿ ਜਾਨਵਰ ਕਿਸ਼ਤੀ ਵਿੱਚੋਂ ਬਾਹਰ ਨਿੱਕਲ ਗਏ "ਆਪੋ ਆਪਣੀ ਜਾਤੀ ਦੇ ਅਨੁਸਾਰ" (NIV; REB) ਜਾਂ "ਆਪੋ ਆਪਣੀ ਜਿਨਸ ਦੇ ਅਨੁਸਾਰ" (NJB)।

## ਸੰਸਾਰ ਨੂੰ ਜਲ ਪਰਲੋ ਨਾਲ ਦੁਬਾਰਾ ਕਦੇ ਨਾਸ ਨਾ ਕਰਨ ਦੀਪਰਮੇਸ਼ੁਰ ਦੀ ਪ੍ਰਤਿੱਗਿਆ (8:20-22)

**[20]ਤਾਂ ਨੂਹ ਨੇ ਇੱਕ ਜਗਵੇਦੀ ਯਹੋਵਾਹ ਲਈ ਬਣਾਈ ਅਤੇ ਸ਼ੁੱਧ ਡੰਗਰਾਂ ਅਰ ਸ਼ੁੱਧ ਪੰਛੀਆਂ**

**ਵਿੱਚੋਂ ਲੈਕੇ ਉਸ ਨੇ ਜਗਵੇਦੀ ਉੱਤੇ ਹੋਮ ਦੀਆਂ ਬਲੀਆਂ ਚੜ੍ਹਾਈਆਂ। [21]ਅਤੇ ਯਹੋਵਾਹ ਨੇ ਉਹ ਸੁਗੰਧ ਸੁੰਘੀ ਸੋ ਯਹੋਵਾਹ ਨੇ ਆਪਣੇ ਮਨ ਵਿੱਚ ਆਖਿਆ, ਮੈਂ ਫੇਰ ਕਦੇ ਜ਼ਮੀਨ ਨੂੰ ਆਦਮੀ ਦੇ ਕਾਰਨ ਸਰਾਪ ਨਹੀਂ ਦਿਆਂਗਾ ਭਾਵੇਂ ਆਦਮੀ ਦੇ ਮਨ ਦੀ ਭਾਵਨਾ ਉਸ ਦੀ ਜਵਾਨੀ ਤੋਂ ਬੁਰੀ ਹੀ ਹੈ ਅਤੇ ਮੈਂ ਫੇਰ ਕਦੇ ਸਰਬੱਤ ਜੀਆਂ ਨੂੰ ਨਹੀਂ ਮਾਰਾਂਗਾ ਜਿਵੇਂ ਮੈਂ ਹੁਣ ਕੀਤਾ ਹੈ। [22]ਧਰਤੀ ਦੇ ਸਾਰੇ ਦਿਨਾਂ ਤੀਕ ਬੀਜਣ ਅਰ ਵੱਢਣ, ਪਾਲਾ ਅਰ ਧੁੱਪ, ਹਾੜ੍ਹੀ ਅਰ ਸਾਉਣੀ. ਅਤੇ ਦਿਨ ਰਾਤ ਨਹੀਂ ਮੁੱਕਣਗੇ।**

**ਆਇਤ 20.** ਜਲ ਪਰਲੋ ਤੋਂ ਰੱਬੀ ਛੁਟਕਾਰੇ ਨੂੰ ਮੱਦੇ ਨਜ਼ਰ ਰੱਖਦੇ ਹੋਏ, ਮਨੁੱਖ ਦਾ ਸੁਭਾਵਕ ਅਤੇ ਉਚਿਤ ਜਵਾਬ ਬੰਦਗੀ ਸੀ। **ਨੂਹ** ਨੇ **ਯਹੋਵਾਹ ਦੇ ਲਈ ਇੱਕ ਜਗਵੇਦੀ** ਬਣਾ ਕੇ ਅਤੇ **ਸ਼ੁੱਧ ਡੰਗਰਾਂ ਅਰ ਸ਼ੁੱਧ ਪੰਛੀਆਂ** ਦੀਆਂ ਬਲੀਆਂ ਚੜ੍ਹਾ ਕੇ ਯਹੋਵਾਹ ਨੂੰ ਧੰਨਵਾਦ ਪਰਗਟ ਕੀਤਾ। ਇਹ ਵਚਨ ਵਿੱਚ ਜਗਵੇਦੀ ਬਣਾਉਣ ਦਾ ਪਹਿਲਾ ਹਵਾਲਾ ਹੈ, ਹਾਲਾਂਕਿ ਕਇਨ ਅਤੇ ਹਾਬਲ ਦੀ ਕਹਾਣੀ ਵਿੱਚ ਜਗਵੇਦੀ ਬਣਾਉਣ ਦਾ ਦਾਅਵਾ ਕੀਤਾ ਗਿਆ ਸੀ (4:3-5)। ਹੋਮ ਦੀਆਂ ਬਲੀਆਂ ਦੇ ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਹੈ עֹלֹת (*ਓਲੋਥ*), ਜਿਸ ਦਾ ਅਰਥ "ਸਰਬ-ਨਾਸ" ਜਾਂ "ਸਮੁੱਚੀਆਂ ਹੋਮ ਦੀਆਂ ਬਲੀਆਂ" ਵੀ ਹੋ ਸਕਦਾ ਸੀ। ਇਹ ਪੁਰਾਣੇ ਨੇਮ ਵਿੱਚ ਸਭ ਤੋਂ ਪੁਰਾਣੀ ਕਿਸਮ ਦੀ ਬਲੀਆਂ ਹੋ ਸਕਦੀਆਂ ਹਨ। ਮੂਸਾ ਸੀ ਸ਼ਰਾ ਅਧੀਨ, ਉਨ੍ਹਾਂ ਨੂੰ ਪਾਪਾਂ ਦੇ ਨਿਸਤਾਰੇ (ਵੇਖੋ ਲੇਵੀਆਂ 1:2-4; 16:24) ਦੇ ਲਈ ਖੁਸ਼ੀ-ਖੁਸ਼ੀ ਸੁਤੰਤਰ ਇੱਛਾ ਦੀਆਂ ਬਲੀਆਂ (ਲੇਵੀਆਂ 22:17-25; ਗਿਣਤੀ 15:1-13) ਅਤੇ ਇੱਕ ਦਾਨ (קָרְבָּן, *ਕੋਰਬਨ*) ਦੇ ਰੂਪ ਵਿੱਚ ਚੜ੍ਹਾਇਆ ਜਾਂਦਾ ਸੀ। ਉਹ ਕਈ ਵਾਰ ਦੁੱਖ ਦੇ ਸਮਿਆਂ ਵਿੱਚ ਪਰਮੇਸ਼ੁਰ ਦੇ ਦਖ਼ਲਅੰਦਾਜ਼ੀ ਕਰਨ ਦੇ ਲਈ ਪ੍ਰਾਰਥਨਾਵਾਂ ਨਾਲ ਹੁੰਦੀਆਂ ਸੀ (ਨਿਆਈਆਂ 21:1-4; ਯਿਰਮਿਯਾਹ 14:12)।[13] ਪ੍ਰਾਚੀਨ ਸਮਿਆਂ ਵਿੱਚ ਹੋਰਨਾਂ ਬਲੀਆਂ ਦੇ ਨਾਲ ਕੀ ਕੀਤਾ ਗਿਆ ਸੀ ਉਸ ਤੋਂ ਭਿੰਨ, ਬਲੀ ਚੜ੍ਹਾਉਣ ਵਾਲੇ ਨੂੰ ਇਸ ਬਲੀ ਦਾ ਕੁਝ ਹਿੱਸਾ ਖਾਣ ਦੇ ਲਈ ਨਹੀਂ ਸੀ ਦਿੱਤਾ ਜਾਂਦਾ। ਬਜਾਇ ਇਸ ਦੇ, ਪੂਰੇ ਦਾ ਪੂਰਾ ਜਾਨਵਰ ਜਗਵੇਦੀ ਤੇ ਹੀ ਭਸਮ ਹੋ ਜਾਂਦਾ ਸੀ ਜੋ ਕਿ ਉਸ ਵਿਅਕਤੀ ਦੀ ਯਹੋਵਾਹ ਦੇ ਲਈ ਸੰਪੂਰਣ ਭਗਤੀ ਅਤੇ ਅਰਪਣ ਦਾ ਪ੍ਰਤੀਕ ਹੁੰਦਾ ਸੀ।

**ਆਇਤ 21.** ਜਦੋਂ ਨੂਹ ਨੇ ਬਲੀਆਂ ਚੜ੍ਹਾਈਆਂ, **ਯਹੋਵਾਹ ਨੇ ਉਹ** [ਉਨ੍ਹਾਂ ਦੀ] **ਸੁਗੰਧ ਸੁੰਘੀ**। "ਯਹੋਵਾਹ ਨੇ ਸੁਗੰਧ ਸੁੰਘੀ" ਇੱਕ ਮਾਨਵਰੂਪੀ ਵਾਕ ਹੈ, ਪਰਮੇਸ਼ੁਰ ਬਾਰੇ ਬੋਲਣ ਦਾ ਇੱਕ ਵਰਣਾਤਮਕ ਤਰੀਕਾ ਜਿਵੇਂ ਕਿ ਉਸ ਦੇ ਅੰਦਰ ਮਨੁੱਖੀ ਵਿਸ਼ੇਸ਼ਤਾਵਾਂ ਸਨ। ਬਾਈਬਲ ਪਰਮੇਸ਼ੁਰ ਬਾਰੇ ਅਕਸਰ ਕਹਿੰਦੀ ਹੈ ਕਿ ਉਸ ਦੀਆਂ ਅੱਖਾਂ, ਕੰਨ, ਹੱਥ, ਜਾਂ ਪੈਰ ਹਨ, ਹਾਲਾਂਕਿ ਉਸ ਦੀ ਮਨੁੱਖ ਦੇ ਵਾਂਗ ਸਰੀਰਕ ਦੇਹ ਨਹੀਂ ਹੈ (ਯੂਹੰਨਾ 4:24)। ਇਹ ਕਥਨ ਕਿ ਯਹੋਵਾਹ ਨੇ ਬਲੀਆਂ ਦੀ "ਸੁਗੰਧ ਸੁੰਘੀ" ਅਤੇ ਉਸ ਨੂੰ ਇਹ "ਸੁਹਾਵਣੀ" ਲੱਗੀ ਜਦੋਂ ਉਹ ਜਗਵੇਦੀ ਤੇ ਭਸਮ ਹੋ ਰਹੀਆਂ ਸਨ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਉਸ ਨੇ ਬਲੀ ਚੜ੍ਹਾਉਣ ਵਾਲੇ ਅਤੇ ਬਲੀਆਂ ਦੋਹਾਂ ਨੂੰ ਪਰਵਾਨ ਅਤੇ ਸਵੀਕਾਰ ਕੀਤਾ ਸੀ।[14] ਨੂਹ ਦੀਆਂ ਬਲੀਆਂ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਵਾਲੀਆਂ ਸਨ ਕਿਉਂਕਿ ਉਹ ਬਲੀਆਂ ਇੱਕ ਅਜਿਹੇ ਜੀਵਨ ਨੂੰ ਦਰਸਾਉਂਦੀਆਂ ਸਨ ਜੋ ਪੂਰੀ ਤਰ੍ਹਾਂ ਪਰਮੇਸ਼ੁਰ ਨੂੰ ਸਮਰਪਿਤ ਸੀ। ਨਵੇਂ ਨੇਮ ਵਿੱਚ, ਪੌਲੁਸ ਨੇ ਪਰਵਾਨ ਬਲੀਦਾਨ ਜੋ ਪਰਮੇਸ਼ੁਰ ਨੂੰ ਭਾਉਂਦਾ ਹੈ ਦਾ ਹਵਾਲਾ ਦਿੰਦਿਆਂ ਇਹੋ ਜਿਹੇ ਰੂਪਕ ਦੀ ਵਰਤੋਂ ਕੀਤੀ ਸੀ (ਅਫ਼ਸੀਆਂ 5:2; ਫ਼ਿਲਿੱਪੀਆਂ 4:18)।

ਇਹ ਦ੍ਰਿਸ਼ *ਐਪਿਕ ਆਫ਼ ਗਿਲਗਾਮੇਸ਼* ਵਿੱਚ ਦਰਸਾਏ ਗਏ ਬਾਬੁਲ ਦੇ ਦੇਵਤਿਆਂ ਦੇ

ਜਵਾਬ ਦੀ ਵੱਡੀ ਤੁਲਨਾ ਦਾ ਪ੍ਰਤੀਕ ਹੈ। ਇਹ ਪੁਰਾਣਕ ਕਥਾ ਕਹਿੰਦੀ ਹੈ ਕਿ ਉਹ ਦੇਵਤੇ ਜਿਹੜੇ ਸੱਤ ਦਿਨਾਂ ਦੇ ਲਈ ਭੁੱਖੇ ਸਨ ਜਦੋਂ ਧਰਤੀ ਤੇ ਜਲ ਪਰਲੋ ਆਈ ਅਤੇ ਉਹ ਬਹੁਤ ਜ਼ਿਆਦਾ ਭੁੱਖੇ ਸਨ। ਜਦੋਂ ਉਤਨਾਪਿਸ਼ਟਿਮ (ਬਾਬੁਲ ਦਾ ਨੂਹ) ਕਿਸ਼ਤੀ ਵਿੱਚੋਂ ਬਾਹਰ ਆਇਆ ਅਤੇ ਬਲੀਆਂ ਚੜ੍ਹਾਈਆਂ, "ਦੇਵਤਿਆਂ ਨੇ ਮਿੱਠੀ ਸੁਗੰਧ ਸੁੰਘੀ" ਅਤੇ "ਬਲੀ ਚੜ੍ਹਾਉਣ ਵਾਲਿਆਂ ਦੇ ਆਲੇ-ਦੁਆਲੇ ਮੱਖੀਆਂ ਵਾਂਗ ਇੱਕਠੇ ਹੋ ਗਏ।"[15] ਦੇਵਤਿਆਂ ਦੁਆਰਾ ਇਹ ਅਜੀਬ ਰਵੱਈਆ ਵਿਖਾਉਂਦਾ ਹੈ ਕਿ ਪ੍ਰਾਚੀਨ ਲੋਕ ਸਮਝਦੇ ਸਨ ਕਿ ਉਨ੍ਹਾਂ ਦੇ ਈਸ਼ਵਰ ਆਪਣੇ ਭੋਜਨ ਦੇ ਲਈ ਜਲ ਪਰਲੋ ਤੋਂ ਬਚੇ ਹੋਏ ਲੋਕਾਂ ਤੇ ਪੂਰੀ ਤਰ੍ਹਾਂ ਨਿਰਭਰ ਸਨ।

ਨੂਹ ਦੀਆਂ ਬਲੀਆਂ ਦੀ ਆਪਣੀ ਪ੍ਰਵਾਨਗੀ ਵਿੱਚ, **ਯਹੋਵਾਹ ਨੇ ਆਪਣੇ ਮਨ ਵਿੱਚ ਆਖਿਆ** (ਸ਼ਾਬਦਿਕ ਤੌਰ ਤੇ, "ਆਪਣੇ ਦਿਲ ਵਿੱਚ") ਕਿ ਉਹ **ਫੇਰ ਕਦੀ ਜ਼ਮੀਨ ਨੂੰ ਆਦਮੀ ਦੇ ਕਾਰਨ ਸਰਾਪ ਨਹੀਂ ਦੇਵੇਗਾ**। ਜਦ ਕਿ ਕੁਝ ਲੋਕ ਇਸ ਅਰਥ ਨਾਲ ਇਸ ਦੀ ਵਿਆਖਿਆ ਕਰਦੇ ਹਨ ਕਿ ਪਰਮੇਸ਼ੁਰ ਨੇ ਜ਼ਮੀਨ ਨੂੰ ਦਿੱਤੇ ਆਪਣੇ ਸਰਾਪ ਨੂੰ ਰੱਦ ਕਰ ਰਿਹਾ ਸੀ ਜੋ ਉਸ ਨੇ ਆਦਮ ਦੇ ਪਾਪ ਤੋਂ ਬਾਅਦ 3:17 ਵਿੱਚ ਦਿੱਤਾ ਸੀ, ਉਹ ਘਟਨਾ ਜਲ ਪਰਲੋ ਖਤਮ ਹੋਣ ਤੇ ਦ੍ਰਿਸ਼ ਵਿੱਚ ਨਹੀਂ ਸੀ। 8:21 ਦਾ ਕਥਨ 6:5-7, 11-13 ਨਾਲ ਜੁੜਿਆ ਹੋਇਆ ਹੈ, ਨਾ ਕਿ ਅਦਨ ਦੇ ਸਰਾਪ ਨਾਲ। ਪਰਮੇਸ਼ੁਰ ਦੀ ਪ੍ਰਤਿਗਿਆ ਸਰਾਪ (ਨਾਸ) ਦੇ ਸੰਦਰਭ ਵਿੱਚ ਕੀਤੀ ਗਈ ਸੀ ਜੋ ਧਰਤੀ ਉੱਤੇ ਜਲ ਪਰਲੋ ਦੇ ਰੂਪ ਵਿੱਚ ਆਇਆ ਸੀ। ਇਹ ਨਿਸ਼ਚਤ ਹੈ ਕਿਉਂਕਿ, ਜਲਵਾਯੂ ਤੋਂ ਬਾਅਦ, ਜ਼ਮੀਨ ਉੱਤੇ ਸਰਾਪ ਉਸ ਮਿਹਨਤ ਅਤੇ ਜੱਦੋ-ਜਹਿਦ ਵਿੱਚ ਜਾਰੀ ਰਿਹਾ ਜੋ ਮਨੁੱਖ ਨੂੰ ਜ਼ਮੀਨ ਨੂੰ ਫਸਲ ਪੈਦਾ ਕਰਨ ਦੇ ਲਈ ਸਹਿਣਾ ਪਿਆ ਸੀ ਜੋ ਉਸ ਦੇ ਬਚਾਅ ਦੇ ਲਈ ਜ਼ਰੂਰੀ ਸੀ। ਜਦ ਕਿ ਮਨੁੱਖ ਨੂੰ ਹਾਲੇ ਵੀ ਮਿਹਨਤ ਕਰਨ ਦੀ ਲੋੜ ਸੀ, ਪਰਮੇਸ਼ੁਰ ਨੇ ਸੰਸਾਰ ਨੂੰ ਫੇਰ ਕਦੇ ਜਲ ਪਰਲੋ ਨਾਲ ਨਾਸ ਨਾ ਕਰਨ ਦਾ ਵਾਅਦਾ ਕੀਤਾ ਸੀ।

"ਫੇਰ ਕਦੀ ਜ਼ਮੀਨ ਨੂੰ ਸਰਾਪ ਨਾ ਦੇਣ" ਜਾਂ ਇਸ ਤਰੀਕੇ ਨਾਲ **ਫੇਰ ਕਦੇ ਸਰਬੱਤ ਜੀਆਂ ਨੂੰ ਨਾ ਮਾਰਨ** ਦੀ ਪ੍ਰਤਿਗਿਆ ਦੇਣ ਦਾ ਪਰਮੇਸ਼ੁਰ ਦਾ ਕਾਰਣ ਇਹ ਸੀ: **ਆਦਮੀ ਦੇ ਮਨ ਦੀ ਭਾਵਨਾ ਉਸ ਦੀ ਜਵਾਨੀ ਤੋਂ ਬੁਰੀ ਹੀ ਹੈ**। ਅਰਥਾਤ, ਜ਼ਿੰਮੇਵਾਰੀ ਦੇ ਯੁੱਗ ਤੋਂ ਹੀ ਪਾਪੀ ਹੈ, ਜਦੋਂ ਉਹ ਭਲੇ ਅਤੇ ਬੁਰੇ ਵਿਚਕਾਰ ਫ਼ਰਕ ਨੂੰ ਸਮਝ ਸਕਦਾ ਹੈ। "ਭਾਵੇਂ" ਸ਼ਬਦ ਦਾ ਦੋ ਤਰੀਕਿਆਂ ਨਾਲ ਅਨੁਵਾਦ ਕੀਤਾ ਜਾ ਸਕਦਾ ਹੈ: ਇਬਰਾਨੀ ਸੰਯੋਜਕ כִּי (*ਕੀ*) ਦਾ ਅਰਥ ਸਧਾਰਣ ਭਾਵ ਵਿੱਚ "ਇਸ ਕਾਰਨ" ਜਾਂ "ਕਿਉਂਕਿ" ਹੋ ਸਕਦਾ ਹੈ, ਜਿਸ ਦਾ ਅਰਥ ਇਹ ਹੋਵੇਗਾ ਕਿ ਯਹੋਵਾਹ ਫੇਰ ਕਦੇ ਸੰਸਾਰ ਨੂੰ ਪਾਣੀ ਨਾਲ ਨਾਸ ਨਹੀਂ ਕਰੇਗਾ ਕਿਉਂਕਿ ਆਦਮੀ ਦੇ ਮਨ ਦੀ ਭਾਵਨਾ ਬੁਰੀ ਹੈ। 6:5 ਅਨੁਸਾਰ, ਇਹੀ ਕਾਰਣ ਸੀ ਕਿਸ ਕਰਕੇ ਪਰਮੇਸ਼ੁਰ ਨੇ ਪਹਿਲਾਂ ਵੀ ਧਰਤੀ ਨੂੰ ਤਬਾਹ ਕਰਨ ਦੇ ਲਈ ਜਲ ਪਰਲੋ ਭੇਜੀ ਸੀ। ਤਾਂ ਫਿਰ, ਇਸ ਵਿਆਖਿਆ ਫਿਰ ਹੈਰਾਨਕੁਨ ਵਿਰੋਧਾਭਾਸ ਹੈ: ਪਰਮੇਸ਼ੁਰ ਨੇ ਪੁਰਾਣੇ ਸੰਸਾਰ ਨੂੰ ਨਾਸ ਕਰਨ ਦੇ ਲਈ ਜਲ ਪਰਲੋ ਭੇਜੀ ਸੀ ਕਿਉਂਕਿ ਆਦਮੀ ਦੇ ਮਨ ਦੀ ਭਾਵਨਾ ਨਿਰੰਤਰ ਬੁਰੀ ਸੀ; ਪਰ ਜਲ ਪਰਲੋ ਤੋਂ ਬਾਅਦ, ਪਰਮੇਸ਼ੁਰ ਨੇ ਮਨੁੱਖ ਦੇ ਪਾਪ ਦੇ ਕਾਰਣ ਧਰਤੀ ਉੱਤੇ ਫੇਰ ਕਦੇ ਇਸ ਕਿਸਮ ਦਾ ਸਰਾਪ ਨਾ ਲਿਆਉਣ ਦਾ ਵਾਅਦਾ ਕੀਤਾ ਸੀ।

ਹੋਰ ਵਿਆਖਿਆ ਵਿੱਚ ਕੋਈ ਵਿਰੋਧਾਭਾਸ ਨਹੀਂ ਆਉਂਦਾ। *ਕੀ* ਨੂੰ ਇਬਰਾਨੀ ਭਾਸ਼ਾ ਵਿੱਚ ਅਕਸਰ ਮੁਲਾਇਮ ਸੰਯੋਜਕ ਦੇ ਰੂਪ ਵਿੱਚ ਵੀ ਵਰਤਿਆ ਗਿਆ ਹੈ ਜਿਸ ਦਾ ਅਰਥ ਹੈ "ਹਾਲਾਂਕਿ" ਜਾਂ "ਭਾਵੇਂ ਕਿ" (ਵੇਖੋ NKJV; NIV)। ਇਸ ਪ੍ਰਕਾਸ਼ ਵਿੱਚ ਜੇਕਰ ਵਿਆਖਿਆ ਕੀਤੀ ਜਾਵੇ ਤਾਂ ਇਹ ਕਥਨ ਕੁਝ ਇਸ ਤਰ੍ਹਾਂ ਯਹੋਵਾਹ ਦੀ ਰੱਬੀ ਦਯਾ ਤੇ ਜ਼ੋਰ ਦਿੰਦਾ ਹੈ: ਹਾਲਾਂਕਿ ਹਰੇਕ ਵਿਅਕਤੀ ਨੇ ਆਪਣੀ ਜਵਾਨੀ ਤੋਂ ਹੀ ਪਾਪ ਕੀਤਾ ਸੀ, ਪਰਮੇਸ਼ੁਰ ਨੇ ਆਪਣੀ ਉਹ

ਕਿਰਪਾ ਕੀਤੀ ਜਿਸ ਦੇ ਉਹ ਵਿਅਕਤੀ ਯੋਗ ਨਹੀਂ ਸੀ। ਦੂਜੇ ਸ਼ਬਦਾਂ ਵਿੱਚ, ਜੇਕਰ ਧਰਤੀ ਉੱਤੇ ਰਹਿਣ ਵਾਲਾ ਹਰੇਕ ਵਿਅਕਤੀ ਬੁਰੀਆਂ ਭਾਵਨਾਵਾਂ ਅਤੇ ਬੁਰੇ ਕੰਮਾਂ ਦਾ ਦੋਸ਼ੀ ਹੁੰਦਾ ਅਤੇ ਇਸ ਲਈ ਨਿਆਂ ਅਤੇ ਮੌਤ ਦੇ ਯੋਗ ਹੁੰਦਾ, ਤਾਂ ਪਰਮੇਸ਼ੁਰ ਮਨੁੱਖਜਾਤੀ ਨੂੰ ਭਵਿੱਖ ਵਿੱਚ ਕਿਸੇ ਵੀ ਵਿਸ਼ਵਵਿਆਪੀ ਜਲ ਪਰਲੋ ਤੋਂ ਬਚਾਉਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨਾ ਸੀ।

**ਆਇਤ 22.** ਆਪਣੇ ਸੰਸਾਰ ਨੂੰ ਨਿਰੰਤਰ ਅਸੀਸ ਦੇਣ ਦਾ ਪਰਮੇਸ਼ੁਰ ਦਾ ਫ਼ੈਸਲਾ ਬਰਕਰਾਰ ਰਿਹਾ। ਧਰਤੀ ਉੱਤੇ ਇੱਕ ਹੋਰ ਵਿਨਾਸ਼ਕਾਰੀ ਪਰਲੋ ਦੀ ਬਜਾਇ, ਪਰਮੇਸ਼ੁਰ ਨੇ ਸੰਸਾਰ ਨੂੰ ਵੱਸਣ ਯੋਗ ਬਣਾਉਣ ਦੇ ਲਈ ਵਿਵਸਥਾ ਭੇਜਣ ਦਾ ਵਾਅਦਾ ਕੀਤਾ। ਉਸ ਨੇ **ਬੀਜਣ ਅਰ ਵੱਢਣ, ਪਾਲਾ ਅਰ ਧੁੱਪ, ਹਾੜ੍ਹੀ ਅਰ ਸਾਉਣੀ ਅਤੇ ਦਿਨ ਰਾਤ** ਦੀ ਗਰੰਟੀ ਦਿੱਤੀ। ਇਸ ਗੱਲ ਦੀ ਪਰਵਾਹ ਨਾ ਕਰਦੇ ਹੋਏ ਕਿ ਮਨੁੱਖ ਦਾ ਮਨ ਕਿੰਨਾ ਅਣਹੋਣਾ ਅਤੇ ਅਸਥਿਰ ਹੋ ਸਕਦਾ ਹੈ (8:21), ਪਰਮੇਸ਼ੁਰ ਦੇ ਨਵੇਂ ਸੰਸਾਰ ਦੇ ਦੌਰਾਂ ਵਿੱਚ ਵਿਸ਼ਵਾਸਯੋਗਤਾ ਅਤੇ ਸਥਿਰਤਾ ਦਾ ਇੱਕ ਮਾਪ ਹਮੇਸ਼ਾ ਬਣਿਆ ਰਹੇਗਾ। ਪ੍ਰੇਰਣਾ ਪਾਏ ਹੋਏ ਲੇਖਕ ਨੇ "ਬੀਜਣ ਅਤੇ ਵੱਢਣ" ਦੀਆਂ ਖੇਤੀਬਾੜੀ ਰੁੱਤਾਂ ਆਦਿ ਨੂੰ ਮੁੜ ਸਥਾਪਤ ਕਰਨ ਦੇ ਪਰਮੇਸ਼ੁਰ ਦੇ ਫ਼ੈਸਲੇ ਤੇ ਜ਼ੋਰ ਦਿੱਤਾ (ਵੇਖੋ 1:14)। ਜੀਵਨ ਨੂੰ ਬਣਾਈ ਰੱਖਣ ਦੇ ਲਈ ਇਹ ਜ਼ਰੂਰੀ ਸਨ ਅਤੇ ਉਹ ਇਸ ਸਬੂਤ ਦਾ ਕੰਮ ਕਰਦੇ ਸਨ ਕਿ ਸੰਸਾਰ ਹਾਲੇ ਵੀ ਪੂਰੀ ਤਰ੍ਹਾਂ ਪਰਮੇਸ਼ੁਰ ਦੇ ਨਿਯੰਤਰਣ ਅਤੇ ਅਸੀਸ ਅਧੀਨ ਸੀ (ਵੇਖੋ ਮੱਤੀ 5:45; ਕੁਲੁੱਸੀਆਂ 1:17; ਇਬਰਾਨੀਆਂ 1:3)।

ਵਿਵਸਥਾ ਨੂੰ ਬਣਾਈ ਰੱਖਣ ਦੇ ਲਈ ਪਰਮੇਸ਼ੁਰ ਦਾ ਵਾਅਦਾ **ਧਰਤੀ ਦੇ ਸਾਰੇ ਦਿਨਾਂ ਤੀਕ** ਵਾਕ ਦੇ ਰਾਹੀਂ ਯੋਗ ਹੁੰਦਾ ਹੈ। ਇਸ ਭਾਸ਼ਾ ਦਾ ਅਰਥ ਇਹ ਹੈ ਕਿ ਇੱਕ ਸਮਾਂ ਆਵੇਗਾ ਜਦੋਂ ਸੰਸਾਰ ਨਹੀਂ ਰਹੇਗਾ। ਇਹ ਨਵੇਂ ਨੇਮ ਵਿੱਚ ਵਿਅਕਤ ਕੀਤਾ ਗਿਆ ਹੈ, ਜੋ ਇਹ ਸਿੱਖਿਆ ਦਿੰਦਾ ਹੈ ਕਿ ਪਰਮੇਸ਼ੁਰ ਮਸੀਹ ਦੀ ਦੂਜੀ ਆਮਦ ਸਮੇਂ ਅੰਤ ਵਿੱਚ ਵਰਤਮਾਨ ਸੰਸਾਰ ਨੂੰ ਨਾਸ ਕਰ ਦੇਵੇਗਾ। ਪਾਣੀ ਨਾਲ ਨਾਸ ਕਰਨ ਦੀ ਬਜਾਇ, ਜਿਵੇਂ ਕਿ ਨੂਹ ਦੇ ਦਿਨਾਂ ਵਿੱਚ ਹੋਇਆ ਸੀ, ਇਹ ਅੱਗ ਨਾਲ ਭਸਮ ਕੀਤਾ ਜਾਵੇਗਾ (2 ਪਤਰਸ 3:6, 7, 10, 12)। ਇਸ ਲਈ, ਪਰਮੇਸ਼ੁਰ ਦੇ ਲੋਕ "ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੀ ਉਡੀਕ ਕਰਦੇ ਹਨ ਜਿਨ੍ਹਾਂ ਵਿੱਚ ਧਰਮ ਵੱਸਦਾ ਹੈ" (2 ਪਤਰਸ 3:13)।

# ਪ੍ਰਾਸੰਗਿਕਤਾ

### ਪਾਣੀ ਤੋਂ ਬਚਾਏ ਗਏ (ਅਧਿਆਇ 8)

ਜਿੱਥੋਂ ਤੱਕ ਕਿਸ਼ਤੀ ਵਿੱਚ ਅੱਠ ਵਿਅਕਤੀਆਂ ਦੀ ਗੱਲ ਹੈ, ਉਨ੍ਹਾਂ ਦਾ ਛੁਟਕਾਰਾ ਉਸ ਮੁਕਤੀ ਦਾ ਰੂਪ (τύπος, *ਟੂਪੋਸ*) ਸੀ ਜਿਸ ਦਾ ਮਸੀਹੀ ਲੋਕ ਪੰਤੇਕੁਸਤ ਦੇ ਦਿਨ ਤੋਂ ਲੈ ਕੇ ਅੱਜ ਤੱਕ ਅਨੰਦ ਮਾਣਦੇ ਆਏ ਹਨ। (1) ਲਿਖਤ ਕਹਿੰਦੀ ਹੈ ਕਿ ਨਿਹਚਾ ਨਾਲ, ਨੂਹ ਅਤੇ ਉਸ ਦਾ ਪਰਿਵਾਰ ਕਿਸ਼ਤੀ ਵਿੱਚ ਵੜੇ ਜੋ ਕਿ ਇੱਕ ਸਰੀਰਕ ਪਨਾਹ ਵਾਲੀ ਥਾਂ ਹੈ। ਪਸ਼ਚਾਤਾਪ ਕਰਨ ਵਾਲੇ ਵਿਸ਼ਵਾਸੀਆਂ ਨੇ "ਮਸੀਹ ਵਿੱਚ ਬਪਤਿਸਮਾ ਲਿਆ" (ਰੋਮੀਆਂ 6:3), ਜੋ ਕਿ ਸਾਡੀ ਆਤਮਿਕ ਪਨਾਹ ਵਾਲੀ ਥਾਂ ਹੈ। (2) ਜਲ ਪਰਲੋ ਪੁਰਾਣੇ ਸੰਸਾਰ ਵਿੱਚ ਪਸ਼ਚਾਤਾਪ ਨਾ ਕੀਤੇ ਵਿਅਕਤੀ ਦੇ ਲਈ ਮੌਤ ਦਾ ਔਜਾਰ ਸੀ; ਪਰ ਇਸ ਨੇ ਨੂਹ ਅਤੇ ਕਿਸ਼ਤੀ ਵਿੱਚ ਸਵਾਰ ਬਾਕੀ ਲੋਕਾਂ ਨੂੰ ਬਚਾਇਆ। ਜਦੋਂ ਪਸ਼ਚਾਤਾਪ ਕਰਨ ਵਾਲੇ ਵਿਸ਼ਵਾਸੀ ਮਸੀਹ ਦੀ ਮੌਤ ਦਾ ਬਪਤਿਸਮਾ ਲੈਂਦੇ ਹਨ (ਰੋਮੀਆਂ 6:3), ਮਰਨ ਦੀ ਬਜਾਇ, ਉਨ੍ਹਾਂ ਨੂੰ ਉਹ ਦੇ ਰਾਹੀਂ ਆਤਮਿਕ ਜੀਵਨ ਪ੍ਰਾਪਤ ਹੁੰਦਾ ਹੈ। (3) ਪਤਰਸ ਨੇ ਕਿਹਾ ਕਿ "ਅੱਠ ਜਣੇ [ਨੂਹ ਅਤੇ ਉਸ ਦਾ

ਪਰਿਵਾਰ] ਪਾਣੀ ਤੋਂ ਬਚ ਗਏ"; ਉਸ ਤਰ੍ਹਾਂ, ਜਾਂ "ਬਪਤਿਸਮੇ ਦਾ ਨਮੂਨਾ [ἀντίτυπος, *ਐਂਟੀਟੂਪੋਸ*][16] ਹੈ ਜੋ ਹੁਣ ਤੁਹਾਨੂੰ ਬਚਾਉਂਦਾ ਹੈ" (1 ਪਤਰਸ 3:20, 21)। (4) ਨਿਹਚਾ ਨਾਲ, ਨੂਹ ਅਤੇ ਉਸ ਦਾ ਪਰਿਵਾਰ ਕਿਸ਼ਤੀ ਵਿੱਚੋਂ ਬਾਹਰ ਨਿੱਕਲ, ਨਵੇਂ (ਬਚਾਏ ਗਏ) ਵਿਅਕਤੀਆਂ ਦੇ ਰੂਪ ਵਿੱਚ ਜਿਨ੍ਹਾਂ ਨੇ ਆਪਣੇ ਬੀਤੇ ਸਮੇਂ ਦੀਆਂ ਸਾਰੀ ਬੁਰਾਈ ਤੋਂ ਧੁਪ ਕੇ ਅਤੇ ਸ਼ੁੱਧ ਹੋ ਕੇ ਸੰਸਾਰ ਵਿੱਚ ਇੱਕ ਨਵੀਂ ਸ਼ੁਰੂਆਤ ਕੀਤੀ। ਜਦੋਂ ਪਸ਼ਚਾਤਾਪ ਕਰਨ ਵਾਲੇ ਵਿਸ਼ਵਾਸੀ ਬਪਤਿਸਮਾ ਲੈਣ ਸਮੇਂ ਪਾਣੀ ਵਿੱਚੋਂ ਬਾਹਰ ਨਿੱਕਲਦਾ ਹੈ, ਉਹ "ਨਵੇਂ ਜੀਵਨ ਦੇ ਰਾਹ" ਤੇ ਚੱਲਦਾ ਹੈ (ਰੋਮੀਆਂ 6:4), "ਮਸੀਹ ਵਿੱਚ" ਇੱਕ ਨਵੀਂ ਸਰਿਸ਼ਟੀ ਦੇ ਰੂਪ ਵਿੱਚ। ਇਸ ਦਾ ਅਰਥ ਇਹ ਹੁੰਦਾ ਹੈ ਕਿ "ਪੁਰਾਣੀਆਂ ਗੱਲਾਂ ਬੀਤ ਗਈਆਂ" ਅਤੇ "ਨਵੀਆਂ ਗੱਲਾਂ ਆ ਗਈਆਂ ਹਨ" (2 ਕੁਰਿੰਥੀਆਂ 5:17)। (5) ਨੂਹ ਅਤੇ ਉਸ ਦੇ ਪਰਿਵਾਰ ਦੀ ਮੁਕਤੀ ਪਾਣੀ ਵਾਲੀ ਮੁਕਤੀ ਨਹੀਂ ਸੀ, ਅਰਥਾਤ, ਪਾਣੀ ਨੇ ਜਥਾਰਥ ਰੂਪ ਵਿੱਚ ਉਨ੍ਹਾਂ ਨੂੰ ਨਹੀਂ ਬਚਾਇਆ। ਇਹ ਉਹ ਸੀ ਜਿਸ ਨੇ ਨਵੇਂ ਸੰਸਾਰ ਨੂੰ ਪੁਰਾਣੇ ਸੰਸਾਰ ਤੋਂ ਅੱਡ ਕੀਤਾ ਸੀ ਅਤੇ ਨਿਹਚਾ ਨਾਲ, ਉਨ੍ਹਾਂ ਨੂੰ ਇਸ ਦੇ ਵਿੱਚੋਂ ਲੰਘਣਾ ਪੈਣਾ ਸੀ। ਉਸੇ ਤਰ੍ਹਾਂ, ਪਾਣੀ ਦਾ ਬਪਤਿਸਮਾ ਜਥਾਰਥ ਰੂਪ ਵਿੱਚ ਪਾਪਾਂ ਨੂੰ ਨਹੀਂ ਧੋਂਦਾ (1 ਪਤਰਸ 3:21); ਇਹ ਪੁਰਾਣੇ ਜੀਵਨ ਅਤੇ ਮਸੀਹ ਵਿੱਚ ਨਵੇਂ ਜੀਵਨ ਵਿਚਕਾਰ ਇੱਕ ਲਕੀਰ ਖਿੱਚਦਾ ਹੈ। ਸਿਰਫ ਯਿਸੂ ਮਸੀਹ ਅਤੇ ਉਸ ਦੇ ਲਹੂ ਦੀ ਸ਼ੁੱਧ ਕਰਨ ਵਾਲੀ ਸ਼ਕਤੀ ਵਿੱਚ ਨਿਹਚਾ ਹੀ ਸਾਡੇ ਪਾਪਾਂ ਦੀ ਮੈਲ ਨੂੰ ਧੋ ਸਕਦੀ ਹੈ ਜਦੋਂ ਅਸੀਂ ਬਪਤਿਸਮੇ ਦੀ ਪਾਣੀ ਵਾਲੀ ਕਬਰ ਦੇ ਵਿੱਚੋਂ ਦੀ ਲੰਘਦੇ ਹਾਂ (ਮੱਤੀ 26:28; ਰਸੂਲਾਂ ਦੇ ਕਰਤੱਬ 22:16; ਰੋਮੀਆਂ 6:4-6)।

(6) ਜਲ ਪਰਲੋ ਤੋਂ ਬਚਣ ਵਾਲੇ ਜਿਹੜੇ ਕਿਸ਼ਤੀ ਵਿੱਚੋਂ ਬਾਹਰ ਨਿੱਕਲੇ ਉਨ੍ਹਾਂ ਦੇ ਮੁਕਤੀ ਲਈ ਪਰਮੇਸ਼ੁਰ ਦੇ ਦੇਣਦਾਰ ਸਨ, ਕਿਉਂਕਿ ਇਹ ਉਸ ਦੀ ਕਿਰਪਾ ਸੀ ਜਿਸ ਨੇ ਉਨ੍ਹਾਂ ਨੂੰ ਬਚਾਇਆ ਸੀ ਅਤੇ ਉਨ੍ਹਾਂ ਨੂੰ ਇੱਕ ਸ਼ੁੱਧ ਸੰਸਾਰ ਵਿੱਚ ਨਵਾਂ ਜੀਵਨ ਜੀਉਣ ਦੇ ਲਈ ਇੱਕ ਚੰਗਾ ਅੰਤਹਕਰਨ ਦਿੱਤਾ ਸੀ। ਉਸੇ ਤਰ੍ਹਾਂ, ਪਸ਼ਚਾਤਾਪ ਕਰਨ ਵਾਲੇ ਵਿਸ਼ਵਾਸੀ ਨਿਹਚਾ ਰਾਹੀਂ ਕਿਰਪਾ ਨਾਲ ਬਚਾਏ ਜਾਂਦੇ ਹਨ (ਅਫ਼ਸੀਆਂ 2:4-9) ਜਦੋਂ ਉਨ੍ਹਾਂ ਦਾ ਮਸੀਹ ਵਿੱਚ ਬਪਤਿਸਮਾ ਹੁੰਦਾ ਹੈ (ਗਲਾਤੀਆਂ 3:26, 27; ਤੀਤੁਸ 3:4-7)। ਉਹ "ਮਸੀਹ ਦੇ ਜੀ ਉੱਠਣ ਦੇ ਕਾਰਨ ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ ਭਾਲਦੇ ਹਨ" (1 ਪਤਰਸ 3:21)। (7) ਪਰਮੇਸ਼ੁਰ ਨੇ ਇੱਕ ਹੋਰ ਜਲ ਪਰਲੋ ਰਾਹੀਂ ਮਨੁੱਖ ਦਾ ਨਿਆਂ ਕਰਨ ਦਾ ਵਾਅਦਾ ਨਹੀਂ ਕੀਤਾ ਜੋ ਕਿ ਮੌਤ ਦੇ ਯੋਗ ਹੋਵੇ। ਬਲਕਿ, ਉਸ ਨੇ ਉਨ੍ਹਾਂ ਨੂੰ ਇੱਕ ਨਵੇਂ ਸੰਸਾਰ ਨਾਲ ਅਸੀਸ ਦੇਣ ਦਾ ਫ਼ੈਸਲਾ ਕੀਤਾ ਜਿਸ ਦੇ ਵਿੱਚ ਬੀਜਣ ਅਤੇ ਵੱਢਣ ਦੇ ਨਿਯਮਤ ਸਮੇਂ ਹੋਣਗੇ, ਜਿਨ੍ਹਾਂ ਵਿੱਚ ਇੱਕ ਵਾਰ ਫੇਰ ਉਹ ਜ਼ਮੀਨ ਦੇ ਫਲ ਦਾ ਅਨੰਦ ਮਾਣ ਸਕਦੇ ਸਨ। ਅੱਜ, ਪਰਮੇਸ਼ੁਰ ਆਪਣੇ ਲੋਕਾਂ ਨੂੰ ਮਸੀਹ ਵਿੱਚ ਇੱਕ ਨਵੇਂ ਜੀਵਨ ਦੀ ਅਸੀਸ ਦਿੰਦਾ ਹੈ। ਹੁਣ ਮਸੀਹੀ ਲੋਕ ਪਵਿੱਤਰ ਆਤਮਾ ਦੇ ਧਾਰਮਿਕਤਾ ਦੇ ਫਲ ਦਾ ਅਨੰਦ ਮਾਣਦੇ ਹਨ (ਗਲਾਤੀਆਂ 5:22, 23)। ਸੁਰਗੀ ਫ਼ਿਰਦੌਸ ਵਿੱਚ, ਜਿਹੜੇ ਲੋਕ ਵਫ਼ਾਦਾਰ ਰਹਿਣਗੇ ਆਤਮਿਕ ਤੌਰ ਤੇ ਜੀਵਨ ਦੇ ਬਿਰਛ ਵਿੱਚ ਸਾਂਝੀ ਹੋਣਗੇ, ਜਿਸ ਤੇ ਸਦੀਪਕ ਕਾਲ ਦੇ ਲਈ ਪਰਮੇਸ਼ੁਰ, ਪਿਤਾ ਅਤੇ ਲੇਲੇ ਦੀ ਹਜ਼ੂਰੀ ਵਿੱਚ "ਬਾਰਾਂ ਪਰਕਾਰ ਦੇ ਫਲ ਲੱਗਦੇ ਹਨ ਅਤੇ ਓਹ . . . ਕੌਮਾਂ ਦੇ ਇਲਾਜ ਦੇ ਲਈ ਹਨ" (ਪਰਕਾਸ਼ 22:2)।

**"ਫੇਰ ਪਰਮੇਸ਼ੁਰ ਨੇ ਨੂਹ ਨੂੰ ਯਾਦ ਕੀਤਾ" (8:1)**

*ਪਰਮੇਸ਼ੁਰ ਦੀ ਦਯਾ।* ਪਰਮੇਸ਼ੁਰ ਨੇ ਨੂਹ ਨੂੰ ਯਾਦ ਕੀਤਾ ਅਤੇ ਦਯਾ ਨਾਲ ਕੰਮ ਕੀਤਾ।

ਸਮੁੰਦਰ ਵਿੱਚ ਕਿਸ਼ਤੀ ਦੇ ਕੁਝ ਮਹੀਨੇ ਬਿਤਾਉਣ ਤੋਂ ਬਾਅਦ, ਯਹੋਵਾਹ ਨੇ ਨੂਹ ਅਤੇ ਕਿਸ਼ਤੀ ਵਿੱਚ ਬਾਕੀ ਜਿੰਨੇ ਵੀ ਲੋਕ ਉਨ੍ਹਾਂ ਦੇ ਪ੍ਰਤੀ ਆਪਣੀ ਰੱਬੀ ਚਿੰਤਾ ਅਤੇ ਵਫ਼ਾਦਾਰੀ ਨੂੰ ਪ੍ਰਦਰਸ਼ਿਤ ਕਰਨ ਦੇ ਲਈ ਧਰਤੀ ਉੱਤੇ ਵਾਉ ਵਗਾਈ ਅਤੇ ਪਾਣੀ ਘਟਣ ਲੱਗ ਪਏ। ਇਸ ਤੋਂ ਇਲਾਵਾ, ਉਸ ਨੇ "ਡੂੰਘਿਆਈ ਦੇ ਸੋਤੇ" ਰੋਕ ਦਿੱਤੇ ਅਤੇ "ਅਕਾਸ਼ ਦੀਆਂ ਖਿੜਕੀਆਂ" ਬੰਦ ਕਰ ਦਿੱਤੀਆਂ, ਤਾਂ ਜੋ ਧਰਤੀ ਉੱਤੇ ਹੋਰ ਪਾਣੀ ਨਾ ਵਧੇ (8:1-5)। ਪਰਮੇਸ਼ੁਰ ਦਾ ਇਹ ਦਯਾ ਭਰਿਆ ਕੰਮ ਕਿਸ਼ਤੀ ਵਿੱਚ ਸਵਾਰ ਲੋਕਾਂ ਦੇ ਲਈ ਇੱਕ ਮਹੱਤਵਪੂਰਣ ਮੋੜ ਸੀ। ਜੀਵਨ ਨੂੰ ਬਚਾਉਣ ਦੇ ਲਈ ਉਨ੍ਹਾਂ ਦੀ ਖ਼ਤਰਨਾਕ ਜੱਦੋ-ਜਹਿਦ ਵਿੱਚ, ਯਹੋਵਾਹ ਨੇ ਉਨ੍ਹਾਂ ਨੂੰ ਇਹ ਆਸ ਰੱਖਣ ਦਾ ਕਾਰਣ ਦਿੱਤਾ ਕਿ ਜਲ ਪਰਲੋ ਦੇ ਪਾਣੀਆਂ ਨਾਲ ਅੰਤ ਵਿੱਚ ਉਨ੍ਹਾਂ ਦਾ ਵਿਨਾਸ਼ਕਾਰੀ ਕੰਮ ਬੰਦ ਹੋ ਜਾਵੇਗਾ। ਨਾ ਸਿਰਫ ਸਮੁੰਦਰਾਂ ਦੇ ਪਾਣੀ ਘੱਟ ਰਹੇ ਸਨ – ਕੁਝ ਮਹੀਨਿਆਂ ਬਾਅਦ – ਕਿਸ਼ਤੀ ਇੱਕ ਪਹਾੜ ਉੱਤੇ ਜਾ ਟਿਕੀ। ਦਸਵੇਂ ਮਹੀਨੇ ਦੇ ਪਹਿਲੇ ਦਿਨ, ਉਸ ਇਲਾਕੇ ਵਿੱਚ ਪਾਣੀਆਂ ਦੇ ਉੱਪਰ ਪਹਾੜ ਦੀਆਂ ਟੀਸੀਆਂ ਦਿਸ ਪਈਆਂ (8:4, 5)। ਇਹ ਸਭ ਗੱਲਾਂ ਇਸ ਗੱਲ ਦੀ ਪੁਸ਼ਟੀ ਸੀ ਕਿ ਯਹੋਵਾਹ ਉਨ੍ਹਾਂ ਲੋਕਾਂ ਨੂੰ ਜਿਹੜੇ ਕਿਸ਼ਤੀ ਵਿੱਚ ਸਵਾਰ ਸਨ ਪਾਣੀ ਦੀ ਕਬਰ ਵਿੱਚੋਂ ਬਚਾਉਣ ਦੇ ਲਈ ਆਪਣੇ ਵਾਅਦੇ ਵਿੱਚ ਵਫ਼ਾਦਾਰ ਸੀ।

ਯਾਹਵੇਹ ਨੂਹ ਅਤੇ ਉਸ ਦੇ ਪਰਿਵਾਰ ਦੇ ਪ੍ਰਤੀ ਆਪਣੇ ਵਾਅਦੇ ਵਿੱਚ ਵਫ਼ਾਦਾਰ ਸਾਬਤ ਹੋਇਆ। ਅੱਗੇ ਚੱਲ ਕੇ ਯਹੂਦੀ ਇਤਹਾਸ ਵਿੱਚ, ਇਹ ਐਲਾਨ ਕੀਤਾ ਗਿਆ ਸੀ ਕਿ ਪਰਮੇਸ਼ੁਰ ਦੇ ਲੋਕਾਂ ਦੀ ਨਿਹਚਾ ਪਰਮੇਸ਼ੁਰ ਦੇ ਨੇਮ ਦੇ ਵਾਅਦਿਆਂ ਦੇ ਲਈ ਉਸ ਦੀ ਵਫ਼ਾਦਾਰੀ ਤੇ ਅਧਾਰਿਤ ਸੀ (ਬਿਵਸਥਾ ਸਾਰ 7:9; ਜ਼ਬੂਰ 36:5; 40:10; ਯਸਾਯਾਹ 49:7; ਵਿਰਲਾਪ 3:22-26)। ਜ਼ਬੂਰ 89 ਵਿੱਚ, ਜਿੱਥੇ ਪੁਰਾਣੇ ਨੇਮ ਵਿੱਚ ਯਹੋਵਾਹ ਦੀ ਵਫ਼ਾਦਾਰੀ ਨੂੰ ਹੋਰ ਕਿਸੇ ਵੀ ਥਾਂ ਤੋਂ ਵੱਧ ਸਰਾਹਿਆ ਗਿਆ ਹੈ (89:1, 2, 5, 8, 24, 33, 49 ਵਿੱਚ ਸੱਤ ਵਾਰ), ਜ਼ਬੂਰ ਲਿਖਣ ਵਾਲੇ ਨੂੰ ਇਸ ਅਧਿਆਤਮਕ ਧਾਰਣਾ ਨੂੰ ਬਾਬੁਲ ਦੀ ਅਸੀਰੀ ਦੀ ਕਠੋਰ ਵਾਸਤਵਿਕਤਾ ਨਾਲ ਮਿਲਾਉਣ ਵਿੱਚ ਮੁਸ਼ਕਲ ਹੋਈ ਸੀ। ਉਸ ਦੇ ਮਨ ਵਿੱਚ, ਉਸ ਨੂੰ ਲੱਗਾ ਕਿ ਪਰਮੇਸ਼ੁਰ ਨੇ ਉਸ "ਨੇਮ ਨੂੰ ਘਿਣਾਉਣਾ ਸਮਝਿਆ" ਜੋ ਉਸ ਨੇ ਦਾਊਦ ਦੇ ਵੰਸ਼ ਨਾਲ ਉਸ ਦੇ "ਮੁਕਟ" ਅਤੇ ਉਸ ਦੀ "ਰਾਜ ਗੱਦੀ" ਨੂੰ "ਧਰਤੀ ਉੱਤੇ" ਪਟਕਾਉਣ ਨਾਲ ਕੀਤਾ ਸੀ (ਜ਼ਬੂਰ 89:39, 44)। ਯਹੋਵਾਹ ਦੇ "ਮਸਹ ਕੀਤੇ ਹੋਏ" (ਰਾਜਾ) ਦੀਆਂ ਫੌਜਾਂ ਹਰਾ ਦਿੱਤੀਆਂ ਗਈਆਂ ਅਤੇ ਸ਼ਰਮਿੰਦਾ ਕੀਤੀਆਂ ਗਈਆਂ ਅਤੇ ਯਰੂਸ਼ਲਮ ਦੀਆਂ ਕੰਧਾਂ "ਤੋੜ ਦਿੱਤੀਆਂ ਗਈਆਂ" (ਜ਼ਬੂਰ 89:38-40)। ਕਿਉਂਕਿ ਜ਼ਬੂਰ ਲਿਖਣ ਵਾਲੇ ਨੇ ਇਹ ਨਹੀਂ ਵੇਖਿਆ ਕਿ ਕਿਵੇਂ ਪਰਮੇਸ਼ੁਰ ਆਪਣੇ ਲੋਕਾਂ ਨਾਲ ਇਹੋ ਜਿਹੀ ਘਟਨਾ ਹੋਣ ਦੇ ਸਕਦਾ ਸੀ, ਉਸ ਨੇ ਯਹੋਵਾਹ ਦੀਆਂ "ਦਿਆਲਗੀਆਂ" ("ਦ੍ਰਿੜ੍ਹ ਪ੍ਰੇਮ"; NRSV) ਅਤੇ "ਵਫ਼ਾਦਾਰੀ" (ਜ਼ਬੂਰ 89:49) ਤੇ ਸਵਾਲ ਖੜ੍ਹਾ ਕੀਤਾ ਸੀ।

ਯਹੋਵਾਹ ਨੂੰ ਵਫ਼ਾਦਾਰ ਬਣਨ ਦੇ ਲਈ ਯਾਦ ਕਰਾਉਣ ਅਤੇ ਕੌਮੀ ਆਤਮ-ਦਯਾ ਨੂੰ ਨਿੱਗਲਣ ਵਿੱਚ, ਜ਼ਬੂਰ ਲਿਖਣ ਵਾਲੇ ਨੇ ਇਹ ਇਸ਼ਾਰਾ ਕਰਨ ਦੁਆਰਾ ਕਿ ਯਹੋਵਾਹ ਨੇ ਆਪਣੇ ਵਾਅਦਿਆਂ ਦਾ ਇਨਕਾਰ ਕੀਤਾ ਸੀ ਗਲਤੀ ਕੀਤੀ ਸੀ। ਉਸ ਦੀ ਗਲਤੀ ਸਪੱਸ਼ਟ ਹੈ ਕਿਉਂਕਿ ਪਰਮੇਸ਼ੁਰ ਕਦੇ ਨਹੀਂ ਸੀ ਚਾਹੁੰਦਾ ਕਿ ਉਸ ਦੀ ਨੇਮ ਦੀ ਵਫ਼ਾਦਾਰੀ ਨੂੰ ਬਿਨਾਂ ਸ਼ਰਤ ਵਾਲੇ ਵਾਅਦੇ ਦੇ ਰੂਪ ਵਿੱਚ ਲਿਆ ਜਾਵੇ ਬਿਨਾਂ ਇਸ ਦੀ ਪਰਵਾਹ ਕੀਤੇ ਕਿ ਉਸ ਦੇ ਲੋਕਾਂ ਇਸ ਦੇ ਪ੍ਰਤੀ ਕਿਵੇਂ ਜਵਾਬ ਦਿੱਤਾ ਸੀ, ਜਿਵੇਂ ਕਿ ਅੱਗੇ ਚੱਲ ਇਸਰਾਏਲ ਵਿੱਚ ਬਹੁਤ ਸਾਰੇ ਲੋਕਾਂ ਨੇ ਸਮਝਿਆ ਸੀ। ਪਰਮੇਸ਼ੁਰ ਦੇ ਨੇਮਾਂ ਲਈ ਹਮੇਸ਼ਾ ਨਿਹਚਾ ਅਤੇ ਉਸ ਦੇ ਲੋਕਾਂ ਵੱਲੋਂ ਆਗਿਆਕਾਰੀ ਦੀ ਲੋੜ ਹੁੰਦੀ ਹੈ, ਜੇਕਰ ਉਹ ਵਾਅਦਾ ਕੀਤੀਆਂ ਹੋਈਆਂ ਬਰਕਤਾਂ ਦਾ ਅਨੰਦ

ਮਾਣਨਾ ਚਾਹੁੰਦੇ ਹਨ।

ਇਸਰਾਏਲ ਦੇ ਲਗਭਗ ਚਾਲ੍ਹੀ ਸਾਲ ਉਜਾੜ ਵਿੱਚ ਭਟਕਣ ਤੋਂ ਬਾਅਦ ਮੂਸਾ ਇਸਰਾਏਲ ਨੂੰ ਦਿੱਤੇ ਆਪਣੇ ਉਪਦੇਸ਼ਾਂ ਵਿੱਚ ਇਸ ਬਾਰੇ ਬਹੁਤ ਹੀ ਸਪੱਸ਼ਟ ਸੀ। ਉਸ ਨੇ ਲੋਕਾਂ ਨੂੰ ਪਹਿਲਾਂ ਤੋਂ ਹੀ ਚਿਤਾਵਨੀ ਦੇ ਦਿੱਤੀ ਸੀ, ਉਨ੍ਹਾਂ ਦੇ ਵਾਅਦੇ ਦੀ ਧਰਤੀ ਤੇ ਕਬਜ਼ਾ ਕਰਨ ਤੋਂ ਬਾਅਦ, ਕਿ ਉਨ੍ਹਾਂ ਨੂੰ ਪਰਮੇਸ਼ੁਰ ਦੀ ਕਿਰਪਾ ਤੇ ਤਰਕ ਨਹੀਂ ਕਰਨਾ ਚਾਹੀਦਾ। ਉਸ ਨੇ ਕਿਹਾ ਕਿ ਮੂਰਤੀਪੂਜਾ ਵੱਲ ਮੁੜਨ ਦੇ ਕਾਰਣ ਉਹ ਉਸ ਧਰਤੀ ਨੂੰ ਗੁਆ ਦੇਣਗੇ ਅਤੇ ਕੌਮਾਂ ਵਿੱਚ ਖਿੰਡ ਜਾਣਗੇ (ਬਿਵਸਥਾ ਸਾਰ 4:22-28; 6:10-15; 8:11-20; 11:1-17; 28:1-37; 30:15-20; 32:4, 5, 15-22, 44-47)। ਸਪੱਸ਼ਟ ਤੌਰ ਤੇ, ਨੂਹ ਨੇ ਨਹੀਂ ਸੀ ਸੋਚਿਆ ਕਿ ਪਰਮੇਸ਼ੁਰ ਇਸ ਗੱਲ ਦੀ ਪਰਵਾਹ ਨਾ ਕਰਦੇ ਹੋਏ ਕਿ ਉਨ੍ਹਾਂ ਨੇ ਉਸ ਤੇ ਭਰੋਸਾ ਨਹੀਂ ਕੀਤਾ ਅਤੇ ਉਸ ਦੇ ਹੁਕਮਾਂ ਦਾ ਪਾਲਣ ਨਹੀਂ ਕੀਤਾ ਕੀਤਾ ਕਿਸ਼ਤੀ ਵਿੱਚ ਸਵਾਰ ਲੋਕਾਂ ਨੂੰ ਅਸੀਸ ਦੇਵੇਗਾ ਅਤੇ ਉਨ੍ਹਾਂ ਨੂੰ ਬਚਾਵੇਗਾ। ਬਿਰਤਾਂਤ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੰਦਾ ਕਿ ਕਿਸ਼ਤੀ ਵਿੱਚ ਲੰਬੇ ਸਮੇਂ ਤੱਕ ਠਹਿਰਣ ਦੇ ਕਾਰਣ ਉਹ ਬੁੜਬੁੜਾਏ ਅਤੇ ਸ਼ਿਕਾਇਤ ਕੀਤੀ, ਜਿਵੇਂ ਬਾਅਦ ਵਿੱਚ ਇਸਰਾਏਲ ਨੇ ਉਜਾੜ ਵਿੱਚ ਕੀਤਾ ਸੀ (ਕੂਚ 14:11, 12; 15:22-26; 16:1-12; 17:1-7; 32:1-9; ਗਿਣਤੀ 11:1-9; 14:1-14)।

*ਨੂਹ ਦਾ ਭਰੋਸਾ।* ਨੂਹ ਨੇ ਭਰੋਸਾ ਕੀਤਾ ਅਤੇ ਆਸ ਵਿੱਚ ਸਬਰ ਨਾਲ ਉਡੀਕ ਕੀਤੀ। ਕਿਸ਼ਤੀ ਵਿੱਚ ਰਹਿਣ ਦੇ ਥਾਂ ਵਿਰਲੀ ਅਤੇ ਸਧਾਰਣ ਹੋਵੇਗੀ ਜੋ ਕਿ ਅਰਾਮ ਲਈ ਨਹੀਂ ਪਰ ਸਿਰਫ ਮਨੁੱਖਾਂ ਅਤੇ ਜਾਨਵਰਾਂ ਦੇ ਜੀਵਨ ਦੇ ਬਚਾਅ ਲਈ ਹੋਵੇਗੀ। ਫਿਰ ਵੀ, ਨੂਹ ਨੇ ਪਰਤੱਖ ਰੂਪ ਵਿੱਚ ਸਮੁੰਦਰ ਵਿੱਚ ਕਈ ਮਹੀਨੇ ਰਹਿਣ ਦੇ ਕਾਰਣ ਸ਼ਿਕਾਇਤ ਨਹੀਂ ਸੀ ਕੀਤੀ। ਕਿਉਂਕਿ ਯਹੋਵਾਹ ਨੇ ਲਗਭਗ ਇੱਕ ਸਾਲ ਤੱਕ ਨੂਹ ਨਾਲ ਗੱਲ ਨਹੀਂ ਸੀ ਇਸ ਲਈ ਉਸ ਨੇ ਨਾ ਤਾਂ ਆਪਣੀ ਨਿਹਚਾ ਨੂੰ ਗੁਆਇਆ ਅਤੇ ਨਾ ਹੀ ਉਸ ਨੇ ਯਹੋਵਾਹ ਦੀ ਉਸ ਦੇ ਪਰਿਵਾਰ ਨੂੰ ਤਿਆਗਣ ਦੇ ਲਈ ਆਲੋਚਨਾ ਕੀਤੀ। ਇਸ ਤੋਂ ਇਲਾਵਾ, ਨੂਹ ਜ਼ਲਦਬਾਜੀ ਨਾਲ ਕਿਸ਼ਤੀ ਵਿੱਚੋਂ ਨਹੀਂ ਨਿੱਕਲਿਆ, ਭਾਵੇਂ ਕਿ ਇਹ ਇੱਕ ਪਹਾੜ ਤੇ ਜਾ ਟਿਕੀ ਸੀ। ਉਸ ਨੇ ਧੀਰਜਵਾਨ ਅਤੇ ਆਗਿਆਕਾਰੀ ਸੀ ਜਦੋਂ ਉਸ ਨੇ ਆਪਣੇ ਪਰਿਵਾਰ ਦੇ ਹਾਲਾਤਾਂ ਦੇ ਤੱਥਾਂ ਨੂੰ ਨਿਸ਼ਚਤ ਕਰਨ ਦੇ ਲਈ ਵੱਖ-ਵੱਖ ਤਰੀਕੇ ਅਪਨਾਏ।

ਨੂਹ ਨੇ ਉਨ੍ਹਾਂ ਦੀ ਸਥਿਤੀ ਨੂੰ ਜਾਂਚਣ ਲਈ, ਨੂਹ ਨੇ ਪਹਿਲਾਂ ਇੱਕ ਪਹਾੜੀ ਕਾਉਂ ਨੂੰ ਭੇਜਿਆ, ਜਿਹੜਾ ਇੱਧਰ ਉੱਧਰ ਉੱਡਦਾ ਰਿਹਾ ਅਤੇ ਵਾਪਸ ਕਿਸ਼ਤੀ ਵੱਲ ਨਹੀਂ ਆਇਆ। ਫਿਰ, ਇੱਕ ਹਫ਼ਤਾ ਉਡੀਕ ਕੇ, ਉਸ ਨੇ ਤਿੰਨ ਵਾਰ ਇੱਕ ਘੁੱਗੀ ਨੂੰ ਭੇਜਿਆ। ਦੂਜੀ ਵਾਰ, ਇਹ ਘੁੱਗੀ ਇੱਕ ਜ਼ੈਤੂਨ ਦਾ ਪੱਤਾ ਲੈ ਕੇ ਵਾਪਸ ਆਈ; ਪਰ ਤੀਜੀ ਵਾਰ ਇਹ ਵਾਪਸ ਕਿਸ਼ਤੀ ਵੱਲ ਨਹੀਂ ਆਈ। ਨੂਹ ਫਿਰ ਜਾਣ ਗਿਆ ਕਿ ਪਾਣੀ ਘੱਟ ਗਏ ਸਨ ਅਤੇ ਸ਼ਾਇਦ ਉਸ ਨੇ ਇਹ ਸਿੱਟਾ ਕੱਢਿਆ ਕਿ ਹੁਣ ਧਰਤੀ ਮਨੁੱਖੀ ਜੀਵਨ ਅਤੇ ਹਰ ਤਰ੍ਹਾਂ ਦੇ ਜਾਨਵਰਾਂ ਦੇ ਲਈ ਪੂਰੀ ਤਰ੍ਹਾਂ ਸੁੱਕ ਗਈ ਹੈ। ਫਿਰ ਵੀ, ਉਹ ਯਹੋਵਾਹ ਦੇ ਹੁਕਮ ਦੇ ਉਡੀਕ ਕਰਦਾ ਰਿਹਾ ਅਤੇ ਉਸ ਨੇ ਕਿਸੇ ਵੀ ਵਿਅਕਤੀ ਜਾਂ ਕਿਸੇ ਹੋਰ ਪ੍ਰਾਣੀ ਨੂੰ ਕਿਸ਼ਤੀ ਵਿੱਚੋਂ ਬਾਹਰ ਨਹੀਂ ਨਿੱਕਲਣ ਦਿੱਤਾ।

ਉਤਪਤ ਦੇ ਲੇਖਕ ਨੇ ਸਾਨੂੰ ਇਹ ਨਹੀਂ ਦੱਸਿਆ ਕਿ ਅਕਸਰ ਕਿਵੇਂ ਉਸ ਨੂੰ ਇਸ ਬਾਰੇ ਆਪਣੇ ਪਰਿਵਾਰ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ ਪਏ ਸੀ ਕਿ ਉਹ ਆਪਣੇ ਜੀਵਨਾਂ ਨੂੰ ਮੁੜ ਤੋਂ ਵਸਾਉਣ ਦੇ ਲਈ ਨਵੇਂ ਅਤੇ ਸ਼ੁੱਧ ਸੰਸਾਰ ਵਿੱਚ ਹਾਲੇ ਤੱਕ ਕਿਉਂ ਨਹੀਂ ਸੀ ਜਾ ਸਕਦੇ। ਕਿਉਂਕਿ ਉਨ੍ਹਾਂ ਨੂੰ ਕਿਸ਼ਤੀ ਵਿੱਚ ਵੜੇ ਲਗਭਗ ਇੱਕ ਸਾਲ ਹੋ ਗਿਆ ਸੀ, ਸ਼ਾਇਦ ਇਹ ਸੋਚਣਾ ਕੋਈ ਜ਼ਿਆਦਾ ਕਲਪਨਾ ਕਰਨਾ ਨਹੀਂ ਹੈ ਕਿ ਉਸ ਨੂੰ ਉਨ੍ਹਾਂ ਨੂੰ ਧੀਰਜਵਾਨ ਬਣਨ ਦੇ ਲਈ

ਉਤਸ਼ਾਹਿਤ ਕਰਨਾ ਪਿਆ ਸੀ ਜਦੋਂ ਉਹ ਪਰਮੇਸ਼ੁਰ ਦੇ ਇਸ ਨਿਰਦੇਸ਼ ਦੀ ਉਡੀਕ ਕਰ ਰਹੇ ਸਨ ਕਿ ਉਨ੍ਹਾਂ ਦੇ ਲਈ ਕਿਸ਼ਤੀ ਵਿੱਚੋਂ ਨਿੱਕਲ ਕੇ ਪਨਾਹ ਵਾਲੀ ਥਾਂ ਜਾਣ ਦਾ ਸਹੀ ਸਮਾਂ ਕੀ ਹੋਵੇਗਾ (8:6-13)।

ਹਰ ਯੁੱਗ ਵਿੱਚ ਪਰਮੇਸ਼ੁਰ ਆਪਣੇ ਲੋਕਾਂ ਤੋਂ ਆਸ ਵਿੱਚ ਇਸੇ ਕਿਸਮ ਦੇ ਧੀਰਜ ਨਾਲ ਉਡੀਕ ਕਰਨ ਦੀ ਇੱਛਾ ਰੱਖਦਾ ਹੈ, ਜਦੋਂ ਅਸੀਂ ਉਸ ਦੇ ਆਖ਼ਰੀ ਸ਼ਬਦ ਦੀ ਉਡੀਕ ਕਰਦੇ ਹਾਂ ਜਿਹੜਾ ਸਾਨੂੰ ਨਵੇਂ ਅਕਾਸ਼ ਅਤੇ ਨਵੀਂ ਧਰਤੀ ਵਿੱਚ ਲੈ ਕੇ ਜਾਵੇਗਾ। ਪਹਿਲੀ ਸਦੀ ਵਿੱਚ, ਯਾਕੂਬ ਨੇ ਉਨ੍ਹਾਂ ਯਹੂਦੀ ਮਸੀਹੀ ਲੋਕਾਂ ਨੂੰ ਲਿਖਿਆ ਜਿਹੜੇ ਅਮੀਰ ਅਤੇ ਸ਼ਕਤੀਸ਼ਾਲੀ ਜ਼ਮੀਂਦਾਰਾਂ ਦੇ ਹੱਥੋਂ ਬੁਰਾ ਵਰਤਾਓ ਝੱਲ ਰਹੇ ਸਨ। ਉਸ ਨੇ ਉਨ੍ਹਾਂ ਨੂੰ ਇਨ੍ਹਾਂ ਸ਼ਬਦਾਂ ਨਾਲ ਨਸੀਹਤ ਦਿੱਤੀ: "ਪ੍ਰਭੂ ਦੇ ਆਉਣ ਤੀਕ ਧੀਰਜ ਕਰੋ। ਵੇਖੋ, ਕਰਸਾਣ ਧਰਤੀ ਦੇ ਉੱਤਮ ਫਲ ਦੀ ਉਡੀਕ ਕਰਦਾ ਹੈ ਅਤੇ ਓਹ ਦੇ ਲਈ ਧੀਰਜ ਕਰਦਾ ਹੈ ਜਿੰਨਾ ਚਿਰ ਓਸ ਉੱਤੇ ਪਹਿਲੀ ਅਤੇ ਪਿੱਛਲੀ ਵਰਖਾ ਨਾ ਪਵੇ" (ਯਾਕੂਬ 5:7)। ਬੇਸ਼ੱਕ, ਕਿਸਾਨ ਨੂੰ ਨਾ ਸਿਰਫ ਬੀਜ ਬੀਜਣ ਅਤੇ ਪੌਦੇ ਲਗਾਉਣ ਦੇ ਲਈ ਵਰਖਾ ਦੀ ਉਡੀਕ ਕਰਨੀ ਪੈਂਦੀ ਸੀ, ਪਰ ਉਸ ਨੂੰ ਪੂਰਾ ਸਿਆਲ ਭਰ ਅਤੇ ਬਸੰਤ ਮਹੀਨਿਆਂ ਤੱਕ ਵੀ ਇਸ ਆਸ ਵਿੱਚ ਤਦ ਤੱਕ ਉਡੀਕ ਕਰਨੀ ਪੈਂਦੀ ਜਦੋਂ ਤੱਕ ਪੌਦਿਆਂ ਤੇ ਫਲ ਨਹੀਂ ਸੀ ਲੱਗ ਜਾਂਦਾ ਅਤੇ ਵਾਢੀ ਲਈ ਫਸਲ ਨਹੀਂ ਸੀ ਪੱਕ ਜਾਂਦੀ। ਕਿਉਂਕਿ ਯਿਸੂ ਨੇ "ਯੁੱਗ ਦੇ ਅੰਤ" ਨੂੰ ਵਾਢੀ ਦੇ ਸਮਾਨ ਸਮਝਿਆ ਸੀ (ਮੱਤੀ 13:39), ਨਵੇਂ ਨੇਮ ਦੇ ਲੇਖਕਾਂ ਦੇ ਲਈ ਆਪਣੀਆਂ ਨਸੀਹਤਾਂ ਵਿੱਚ ਇਸ ਕਿਸਮ ਦੇ ਰੂਪਕ ਨੂੰ ਇਸਤੇਮਾਲ ਕਰਨਾ ਉਚਿਤ ਸੀ (ਵੇਖੋ 2 ਤਿਮੋਥਿਉਸ 2:6, 8-10; 4:6-8)। ਉਸੇ ਤਰ੍ਹਾਂ, ਨੂਹ ਅਤੇ ਉਸ ਦੇ ਪਰਿਵਾਰ ਨੂੰ ਨਵੇਂ ਸੰਸਾਰ ਵਿੱਚ ਪ੍ਰਵੇਸ਼ ਕਰਨ ਦੇ ਲਈ ਪਰਮੇਸ਼ੁਰ ਦੇ ਨਿਯੁਕਤ ਕੀਤੇ ਹੋਏ ਸਮੇਂ ਦੀ ਬੜੇ ਧੀਰਜ ਨਾਲ ਉਡੀਕ ਕਰਨੀ ਪਈ ਸੀ।

ਇਬਰਾਨੀਆਂ ਦੇ ਲੇਖਕ ਨੇ ਵੀ ਉਨ੍ਹਾਂ ਮਸੀਹੀ ਲੋਕਾਂ ਦੇ ਲਈ ਇੱਕ ਉਦਾਹਰਣ ਦੇ ਰੂਪ ਵਿੱਚ ਨੂਹ ਦੀ ਨਿਹਚਾ ਅਤੇ ਧੀਰਜਵਾਨ ਆਸ ਦੀ ਵਰਤੋਂ ਕੀਤੀ ਜਿਹੜੇ ਮੁਸ਼ਕਲ ਹਾਲਾਤਾਂ ਵਿੱਚ ਬਚਣ ਦੇ ਲਈ ਜੱਦੋ-ਜਹਿਦ ਕਰ ਰਹੇ ਸਨ (ਇਬਰਾਨੀਆਂ 11)। ਉਸ ਨੇ ਕਿਹਾ ਕਿ "ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ [ਤੱਤ] ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ [ਪ੍ਰਮਾਣ] ਹੈ" (ਇਬਰਾਨੀਆਂ 11:1)। ਨੂਹ ਨੇ ਪਰਤੀਤ ਕੀਤੀ ਕਿ ਪਰਮੇਸ਼ੁਰ ਸੰਸਾਰ ਵਿੱਚੋਂ ਸਾਰੀ ਬੁਰਾਈ ਅਤੇ ਦੁਸ਼ਟਤਾ ਨੂੰ ਸ਼ੁੱਧ ਕਰਨ ਤੋਂ ਬਾਅਦ ਧਰਤੀ ਲਈ ਇੱਕ ਨਵੀਂ ਸ਼ੁਰੂਆਤ ਪ੍ਰਦਾਨ ਕਰੇਗਾ। ਹਾਲਾਂਕਿ ਉਸ ਨੇ ਕਦੇ ਵੀ ਅਜਿਹਾ ਸ਼ੁੱਧ ਸੰਸਾਰ ਨਹੀਂ ਸੀ ਵੇਖਿਆ, ਨੂਹ ਦੀ ਨਿਹਚਾ ਨੇ ਉਸ ਦੀ ਆਸ ਨੂੰ ਇੱਕ ਤੱਤ ਦਿੱਤਾ ਜਿਸ ਨਾਲ ਉਹ ਇਸ ਤੇ ਅਮਲ ਕਰਨ ਵਿੱਚ ਸਮਰੱਥ ਹੋਇਆ। ਉਸ ਦੀ ਨਿਹਚਾ ਉਸ ਤੇ ਅਧਾਰਿਤ ਸੀ ਜਿਸ ਦਾ ਉਹ ਪਹਿਲਾਂ ਤੋਂ ਧਰਤੀ ਤੇ ਜਲ ਪਰਲੋ ਲਿਆਉਣ ਦੇ ਲਈ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਕੰਮਾਂ ਦਾ ਗਵਾਹ ਰਹਿ ਚੁੱਕਾ ਸੀ, ਜਿਵੇਂ ਕਿ ਪਰਮੇਸ਼ੁਰ ਨੇ ਵਾਅਦਾ ਕੀਤਾ ਸੀ। ਪਰਮੇਸ਼ੁਰ ਦੇ ਬੀਤੇ ਸਮੇਂ ਦੇ ਕੰਮ ਇੱਕ ਨਵੀਂ ਸਰਿਸ਼ਟੀ ਦੇ ਭਵਿੱਖ ਦੇ ਨਤੀਜਿਆਂ ਦੀ ਗਰੰਟੀ ਸਨ ਜਿਨ੍ਹਾਂ ਦਾ ਨੂਹ ਦਾ ਮੰਨਣਾ ਸੀ ਕਿ ਉਹ ਅਨੁਭਵ ਕਰੇਗਾ ਅਤੇ ਇਹੀ ਉਹ *ਸਬੂਤ* ਸੀ ਜਿਸ ਦੀ ਉਸ ਨੂੰ ਆਸ ਰੱਖਦੇ ਹੋਏ "ਅਣਡਿੱਠ ਵਸਤਾਂ" (ਇਬਰਾਨੀਆਂ 11:7) ਦਾ ਅਨੰਦ ਮਾਣਨ ਦੇ ਲਈ ਯਹੋਵਾਹ ਦੀ ਅਗਿਆ ਨੂੰ ਮੰਨਦੇ ਰਹਿਣ ਦੇ ਲਈ ਲੋੜ ਸੀ।

*ਨੂਹ ਦਾ ਧੰਨਵਾਦ।* ਨੂਹ ਨੇ ਰੱਬੀ ਹੁਕਮ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਕੀਤਾ। ਜਦੋਂ ਸਮਾਂ ਸਹੀ ਸੀ, ਪਰਮੇਸ਼ੁਰ ਨੇ ਫੇਰ ਨੂਹ ਨਾਲ ਗੱਲ ਕੀਤੀ ਅਤੇ ਉਸ ਨੂੰ ਆਪਣੇ ਪਰਿਵਾਰ ਨਾਲ ਕਿਸ਼ਤੀ ਵਿੱਚੋਂ ਬਾਹਰ ਨਿੱਕਲਣ ਦੇ ਲਈ ਆਖਿਆ। ਉਸ ਨੇ ਆਪਣੇ ਨਾਲ ਸਾਰੇ ਪੰਛੀਆਂ,

ਜਾਨਵਰਾਂ ਅਤੇ ਘਿੱਸਰਨ ਵਾਲੇ ਜੀਵ ਜੰਤੂਆਂ ਨੂੰ ਵੀ ਲੈਣਾ ਸੀ ਤਾਂ ਕਿ ਉਹ ਇੱਕ ਵਾਰ ਫੇਰ ਵਧ ਫੁੱਲ ਸਕਦੇ। ਨੂਹ ਪਰਮੇਸ਼ੁਰ ਦੀ ਉਸ ਦਯਾ ਅਤੇ ਕਿਰਪਾ ਦੇ ਲਈ ਧੰਨਵਾਦ ਕਰਦਾ ਹੋਇਆ ਬਾਹਰ ਨਿੱਕਲਿਆ ਜਿਸ ਨੇ ਉਸ ਨੂੰ ਅਤੇ ਕਿਸ਼ਤੀ ਵਿੱਚ ਜਿੰਨੇ ਵੀ ਲੋਕ ਸਵਾਰ ਸਨ ਸਭਨਾਂ ਨੂੰ ਜਲ ਪਰਲੋ ਦੇ ਖ਼ਤਰਨਾਕ ਪਾਣੀਆਂ ਤੋਂ ਬਚਾਇਆ ਸੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਅਤੇ ਉਸ ਦਾ ਪਰਿਵਾਰ ਆਪਣੀ ਚਲਾਕੀ, ਕੋਸ਼ਿਸ਼ਾਂ, ਜਾਂ ਕੰਮਾਂ ਨਾਲ ਨਹੀਂ ਸੀ ਬਚੇ। ਉਹ ਆਪਣੇ ਜੀਵਨਾਂ ਦੇ ਲਈ ਪਰਮੇਸ਼ੁਰ ਦੇ ਦੇਣਦਾਰ ਸਨ। ਬੇਸ਼ੱਕ, ਉਨ੍ਹਾਂ ਨੂੰ ਪਰਮੇਸ਼ੁਰ ਤੇ ਪੂਰਾ ਭਰੋਸਾ ਕਰਨਾ ਪਿਆ ਸੀ ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਤਿਆਰੀਆਂ ਕਰਨ, ਕਿਸ਼ਤੀ ਬਣਾਉਣ, ਜਾਨਵਰਾਂ ਨੂੰ ਕਿਸ਼ਤੀ ਵਿੱਚ ਵਾੜਨ ਆਦਿ ਦੀ ਹਦਾਇਤ ਦਿੱਤੀ ਸੀ; ਪਰ ਇਹ ਸਾਰੀਆਂ ਗੱਲਾਂ ਕਾਫੀ ਨਹੀਂ ਸੀ ਹੋਣੀਆਂ ਜੇਕਰ ਉਨ੍ਹਾਂ ਨੇ ਆਪਣੇ ਜੀਵਨਾਂ ਨੂੰ ਪੂਰੀ ਤਰ੍ਹਾਂ ਯਹੋਵਾਹ ਨੂੰ ਸਮਰਪਿਤ ਨਾ ਕੀਤਾ ਹੁੰਦਾ।

ਨੂਹ ਦੇ ਲਈ ਇਸ ਮਹਾਨ ਛੁਟਕਾਰੇ ਪ੍ਰਤੀ ਸੁਭਾਵਕ ਪ੍ਰਤੀਕਿਰਿਆ ਇਹ ਸੀ ਕਿ ਉਸ ਨੇ ਧੰਨਵਾਦ ਅਤੇ ਉਸਤਤ ਨਾਲ ਯਹੋਵਾਹ ਦੀ ਅਰਾਧਨਾ ਕਰਨ ਦੇ ਲਈ ਯਹੋਵਾਹ ਨੂੰ ਪੰਛੀਆਂ ਅਤੇ ਜਾਨਵਰਾਂ ਦੀਆਂ ਬਲੀਆਂ ਚੜ੍ਹਾਈਆਂ। ਸ਼ੁੱਧ ਜਾਨਵਰਾਂ ਅਤੇ ਪੰਛੀਆਂ ਵਿੱਚੋਂ, ਨੂਹ ਨੇ ਹੋਮ ਦੀਆਂ ਬਲੀਆਂ ਚੁਣੀਆਂ। ਉਹ ਪੂਰੀ ਤਰ੍ਹਾਂ ਜਗਵੇਦੀ ਤੇ ਭਸਮ ਹੋ ਗਈਆਂ। ਅੱਜ ਵੀ ਪਰਮੇਸ਼ੁਰ ਆਪਣੇ ਲੋਕਾਂ ਕੋਲੋਂ ਇਹੋ ਜਿਹੇ ਰਵੱਈਏ ਦੀ ਇੱਛਾ ਰੱਖਦਾ ਹੈ ਜੋ ਨੂਹ ਨੇ ਵਿਖਾਇਆ ਸੀ; ਪਰ ਹੁਣ, ਮੁਰਦਾ ਜਾਨਵਰਾਂ ਦੀ ਥਾਂ ਤੇ, ਉਹ ਜੀਉਂਦੀਆਂ ਬਲੀਆਂ ਚਾਹੁੰਦਾ ਹੈ। ਅਸੀਂ ਪਰਮੇਸ਼ੁਰ ਨੂੰ ਉਨ੍ਹਾਂ ਗੱਲਾਂ ਦੇ ਲਈ ਜੋ ਉਸ ਨੇ ਮਸੀਹ ਦੇ ਰਾਹੀ ਸਾਡੇ ਲਈ ਕੀਤੀਆਂ ਹਨ ਧੰਨਵਾਦ ਦੇਣ ਦੇ ਲਈ ਆਪਣੇ ਜੀਵਨਾਂ ਨੂੰ ਰੋਜ਼ਾਨਾ ਅਤੇ ਪੂਰੀ ਤਰ੍ਹਾਂ ਉਸ ਦੀ ਬੰਦਗੀ ਜਾਂ ਸੇਵਾ ਦੇ ਲਈ ਦੇਣਾ ਹੈ (ਰੋਮੀਆਂ 12:1, 2; ਵੇਖੋ ਇਬਰਾਨੀਆਂ 13:15, 16)।

**ਪਰਮੇਸ਼ੁਰ ਦਾ ਯਾਦ ਕਰਨਾ (8:1)**

ਪੰਚਗ੍ਰੰਥ ਵਿੱਚ ਕਦੀ-ਕਦੀ, ਸੰਦਰਭਾਂ ਵਿੱਚ ਇਹ ਵਰਣਨ ਕਰਨ ਦੇ ਲਈ ਕਿ ਪਰਮੇਸ਼ੁਰ ਉਹ ਹੈ ਜਿਹੜਾ ਵੱਖ-ਵੱਖ ਤਰੀਕਿਆਂ ਨਾਲ ਆਪਣੀ ਦਯਾ ਕਰਦਾ ਹੈ זָכַר (*ਜ਼ਕਰ,* "ਯਾਦ ਕਰਦਾ") ਸ਼ਬਦ ਵਰਤਿਆ ਗਿਆ ਹੈ।

*ਪਰਮੇਸ਼ੁਰ ਨੇ ਇੱਕ ਹੋਰ ਵਿਸ਼ਵਵਿਆਪੀ ਜਲ ਪਰਲੋ ਦੇ ਵਿਰੁੱਧ ਧਰਤੀ ਨੂੰ ਬਚਾ ਕੇ ਰੱਖਣ ਦੁਆਰਾ ਮਨੁੱਖਜਾਤੀ ਦੀ ਖ਼ਾਤਰ ਕੰਮ ਕੀਤਾ।* ਪਰਮੇਸ਼ੁਰ ਕਿਹਾ, "ਅਤੇ ਐਉਂ ਹੋਵੇਗਾ ਜਦ ਮੈਂ ਬੱਦਲ ਧਰਤੀ ਉੱਤੇ ਲਿਆਵਾਂਗਾ ਤਦ ਉਹ ਧਣੁਕ ਬੱਦਲ ਵਿੱਚ ਦਿੱਸੇਗੀ ਅਤੇ ਮੈਂ ਆਪਣੇ ਨੇਮ ਨੂੰ . . . ਚੇਤੇ ਕਰਾਂਗਾ ਅਰ ਪਰਲੋ ਦੇ ਪਾਣੀ ਫੇਰ ਸਾਰੇ ਸਰੀਰਾਂ ਦੇ ਨਾਸ ਕਰਨ ਨੂੰ ਨਹੀਂ ਆਉਣਗੇ" (9:14, 15)।

*ਉਸ ਨੇ ਕੁਝ ਵਿਅਕਤੀਆਂ ਨੂੰ ਬਚਾਇਆ ਜਿਵੇਂ ਕਿ ਲੂਤ, ਅਬਰਾਹਾਮ ਦੇ ਦਖ਼ਲਅੰਦਾਜ਼ੀ ਕਰਨ ਨਾਲ।* "ਪਰਮੇਸ਼ੁਰ ਨੇ ਅਬਰਾਹਾਮ ਨੂੰ ਚੇਤੇ ਕੀਤਾ ਅਰ ਲੂਤ ਨੂੰ ਉਸ ਬਰਬਾਦੀ ਦੇ ਵਿੱਚੋਂ ਕੱਢਿਆ ਜਦ ਉਸ ਨੇ ਨਗਰਾਂ ਨੂੰ ਜਿੱਥੇ ਲੂਤ ਵੱਸਦਾ ਸੀ ਨਸ਼ਟ ਕਰ ਸੁੱਟਿਆ" (19:29)।

*ਉਸ ਨੇ ਬਾਂਝ ਰਾਖੇਲ ਨੂੰ ਗਰਭਵੰਤੀ ਹੋਣ ਅਤੇ ਯੂਸੁਫ਼ ਨੂੰ ਜਨਮ ਦੇਣ ਦੇ ਯੋਗ ਬਣਾਇਆ।* "ਪਰਮੇਸ਼ੁਰ ਨੇ ਰਾਖੇਲ ਨੂੰ ਚੇਤੇ ਕੀਤਾ ਅਰ ਪਰਮੇਸ਼ੁਰ ਨੇ ਉਹ ਦੀ ਸੁਣੀ ਅਰ ਉਹ ਦੀ ਕੁੱਖ ਨੂੰ ਖੋਲ੍ਹਿਆ" (30:22)।

*ਉਸ ਨੇ ਇਸਰਾਏਲ ਦੀਆਂ ਦੁਹਾਈਆਂ ਦਾ ਉੱਤਰ ਦਿੱਤਾ ਅਤੇ ਉਨ੍ਹਾਂ ਨੂੰ ਮਿਸਰ ਦੀ ਗੁਲਾਮੀ ਤੋਂ ਛੁਡਾਇਆ।* "ਤਾਂ ਪਰਮੇਸ਼ੁਰ ਨੇ ਉਨ੍ਹਾਂ ਦੀ ਹੂੰਗ ਸੁਣੀ ਅਤੇ ਪਰਮੇਸ਼ੁਰ ਨੇ ਆਪਣੇ ਨੇਮ ਨੂੰ

ਜਿਹੜਾ ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਨਾਲ ਸੀ ਚੇਤੇ ਕੀਤਾ" (ਕੂਚ 2:24; ਵੇਖੋ 6:5; 32:13)।

*ਉਸ ਨੇ ਇਸਰਾਏਲ ਦੀ ਫੌਜ ਦੀ ਕਨਾਨ ਦੇਸ ਵਿੱਚ ਯੁੱਧ ਕਰਨ ਵਿੱਚ ਮਦਦ ਕੀਤੀ।* ਪਰਮੇਸ਼ੁਰ ਨੇ ਮੂਸਾ ਨੂੰ ਆਖਿਆ, "ਜਦ ਤੁਸੀਂ ਆਪਣੇ ਦੇਸ ਵਿੱਚ ਆਪਣੇ ਵੈਰੀਆਂ ਦੇ ਵਿਰੁੱਧ ਜਿਹੜੇ ਤੁਹਾਨੂੰ ਸਤਾਉਂਦੇ ਹਨ ਜੁੱਧ ਕਰਨ ਲਈ ਜਾਓ ਤਾਂ ਤੁਸੀਂ ਤੁਰ੍ਹੀਆਂ ਨੂੰ ਸਾਹ ਖਿੱਚ ਕੇ ਫੂਕੋ, ਫੇਰ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਅੱਗੇ ਚੇਤੇ ਕੀਤੇ ਜਾਓਗੇ ਅਤੇ ਆਪਣੇ ਵੈਰੀਆਂ ਤੋਂ ਬਚਾਏ ਜਾਓਗੇ" (ਗਿਣਤੀ 10:9)।

ਪਰਮੇਸ਼ੁਰ ਨੇ ਵਾਅਦਾ ਕੀਤਾ ਸੀ ਕਿ ਉਸ ਦੇ ਲੋਕਾਂ ਦਾ ਪਸ਼ਚਾਤਾਪੀ ਬਕੀਆ ਉਨ੍ਹਾਂ ਦੀ ਗੁਲਾਮੀ ਤੋਂ ਬਾਅਦ ਅਤੇ ਦੇਸ ਨੂੰ ਪਰਤੇਗਾ। ਪਰਮੇਸ਼ੁਰ ਨੇ ਕਿਹਾ,

> ਤਦ ਮੈਂ ਆਪਣਾ ਨੇਮ ਯਾਕੂਬ ਦੇ ਨਾਲ ਅਤੇ ਨਾਲੇ ਆਪਣਾ ਨੇਮ ਇਸਹਾਕ ਦੇ ਨਾਲ ਅਤੇ ਨਾਲੇ ਆਪਣਾ ਨੇਮ ਅਬਰਾਹਾਮ ਦੇ ਨਾਲ ਚੇਤੇ ਕਰਾਂਗਾ ਅਤੇ ਮੈਂ ਉਸ ਦੇਸ ਦਾ ਚੇਤਾ ਭੀ ਕਰਾਂਗਾ। . . . ਜਿਸ ਵੇਲੇ ਓਹ ਆਪਣੇ ਵੈਰੀਆਂ ਦੇ ਦੇਸ ਵਿੱਚ ਹੋਣ ਮੈਂ ਉਨ੍ਹਾਂ ਨੂੰ ਨਾ ਰੱਦਾਂਗਾ ਅਤੇ ਉਨ੍ਹਾਂ ਦਾ ਮੂਲੋਂ ਨਾਸ ਕਰਨ ਲਈ ਅਤੇ ਆਪਣਾ ਨੇਮ ਉਨ੍ਹਾਂ ਦੇ ਨਾਲ ਤੋੜਨ ਲਈ ਉਨ੍ਹਾਂ ਨੂੰ ਮਾੜੇ ਨਾ ਜਾਣਾਂਗਾ ਕਿਉਂ ਜੋ ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ (ਲੇਵੀਆਂ 26:42-44)।

### ਪਰਮੇਸ਼ੁਰ ਵੱਲੋਂ ਅਸੀਸਾਂ, ਨਾ ਕਿ ਕਿਸੇ ਮੂਰਤੀ ਵੱਲੋਂ (8:22)

ਜਲ ਪਰਲੋ ਤੋਂ ਬਾਅਦ, ਪਰਮੇਸ਼ੁਰ ਨੇ ਆਪਣੇ ਆਪ ਨੂੰ ਕਿਹਾ ਕਿ ਧਰਤੀ ਹਮੇਸ਼ਾ "ਬੀਜਣ ਅਤੇ ਵੱਢਣ," "ਪਾਲਾ ਅਰ ਧੁੱਪ," "ਹਾੜੀ ਅਰ ਸਾਉਣੀ" ਅਤੇ "ਦਿਨ ਰਾਤ" ਦਾ ਅਨੁਭਵ ਕਰੇਗੀ (8:22)। ਇਸ ਵਾਅਦੇ ਅਨੁਸਾਰ, ਨਿਯਮਤ ਰੁੱਤਾਂ ਤਦ ਤੱਕ ਜਾਰੀ ਰਹਿਣਗੀਆਂ ਜਦੋਂ ਤੱਕ ਸੰਸਾਰ ਰਹੇਗਾ।

ਸੰਸਾਰ ਵਿੱਚ ਸੁਭਾਵਕ ਤਾਲਮੇਲ ਦਾ ਵਿਚਾਰ ਪ੍ਰਾਚੀਨ ਮੱਧ ਪੂਰਬ ਦੇ ਜਣਨ ਧਰਮਾਂ ਦੇ ਮੱਤਾਂ ਦਾ ਖੰਡਨ ਕਰਦਾ ਹੈ। ਝੂਠੇ ਦੇਵਤਿਆਂ ਦੀਆਂ ਪੂਜਾ ਕਰਨ ਵਾਲਿਆਂ ਨੇ ਕਿਹਾ ਕਿ ਰੁੱਤਾਂ ਦਾ ਬਦਲਣਾ ਇਨ੍ਹਾਂ ਦੇਵਤਿਆਂ ਦੇ ਕੰਮਾਂ ਤੇ ਨਿਰਭਰ ਸੀ, ਜਿਨ੍ਹਾਂ ਨੂੰ ਮਨੁੱਖੀ ਯੌਨ ਕੰਮਾਂ ਦੁਆਰਾ ਉਤਸ਼ਾਹਿਤ ਕੀਤਾ ਜਾਣਾ ਸੀ ਜਿਸ ਵਿੱਚ ਰਸਮਾਂ ਅਤੇ ਜਾਦੂ ਸ਼ਾਮਲ ਹੁੰਦਾ ਸੀ। ਉਦਾਹਰਣ ਦੇ ਲਈ, ਕਨਾਨੀਆਂ ਵਿੱਚ ਇਹ ਕਿਹਾ ਜਾਂਦਾ ਸੀ ਕਿ ਪਾਲਾ ਇਸ ਲਈ ਆਇਆ ਕਿਉਂਕਿ ਬਆਲ ਮਰ ਗਿਆ ਸੀ ਅਤੇ ਮੌਤ ਦੇ ਖੇਤਰ (ਮੌਤ ਦੇਵਤਾ) ਵਿੱਚ ਪ੍ਰਵੇਸ਼ ਕਰ ਗਿਆ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਬਸੰਤ ਰੁੱਤ ਇਸ ਲਈ ਆਈ ਕਿਉਂਕਿ ਦੇਵੀ ਅਨਾਥ ਨੇ ਬਆਲ ਦੀ ਖੋਜ ਕੀਤੀ, ਮੋਤ ਨੂੰ ਹਰਾਇਆ ਅਤੇ ਬਆਲ ਨੂੰ ਰਿਹਾਅ ਕਰ ਦਿੱਤਾ। ਦੋਵਾਂ ਦੇਵਤਿਆਂ ਦੇ ਫੇਰ ਤੋਂ ਕਾਮੁਕ ਤੌਰ ਤੇ ਨਾਲ ਰਹਿਣ ਦੀ ਯੋਗਤਾ ਨੂੰ ਫੁੱਲਾਂ, ਰੁੱਖਾਂ, ਫਸਲਾਂ, ਇੱਜੜਾਂ, ਭੇਡਾਂ ਬੱਕਰੀਆਂ ਅਤੇ ਮਨੁੱਖੀ ਵਿੱਚ ਵੀ ਇੱਕ ਨਵੇਂ ਉਪਜਾਊਪਣ ਦੇ ਕਾਰਣ ਵਜੋਂ ਵੇਖਿਆ ਗਿਆ ਸੀ।

ਇਸ ਤਰ੍ਹਾਂ ਦੀ ਧਾਰਮਿਕ ਪੁਰਾਣਕ ਕਥਾ ਨੇ ਕਨਾਨ ਦੇਸ ਦੇ ਗੈਰ-ਯਹੂਦੀ ਮੰਦਿਰਾਂ ਵਿੱਚ ਪੂਜਕਾਂ ਅਤੇ ਪੁਰਸ਼ ਅਤੇ ਇਸਤਰੀ ਵੇਸਵਾਵਾਂ ਵਿਚਕਾਰ ਭੈੜੀ ਯੌਨ ਭੋਗ ਵਿਲਾਸਾਂ ਨੂੰ ਬੜਾਵਾ ਦਿੱਤਾ ਅਤੇ ਇਸ ਸਭ ਜਣਨ ਦੀ ਕਿਰਿਆ ਨੂੰ ਯਕੀਨੀ ਬਣਾਉਣ ਦੇ ਲਈ ਕੀਤਾ ਜਾਂਦਾ ਸੀ। ਇਸਰਾਏਲ ਦੇ ਬਾਅਦ ਦੇ ਇਤਹਾਸ ਵਿੱਚ ਦੁਖਾਂਤ ਇਹ ਹੈ ਕਿ ਉਹ ਉਸ ਵਾਅਦੇ ਨੂੰ ਭੁੱਲ ਗਏ ਜੋ ਪਰਮੇਸ਼ੁਰ ਨੇ ਜਲ ਪਰਲੋ ਤੋਂ ਬਾਅਦ ਨੂਹ ਨਾਲ ਕੀਤਾ ਸੀ ਅਤੇ ਉਹ ਕਨਾਨੀ ਪੁਰਾਣਕ ਕਥਾ ਦੇ ਸ਼ਿਕਾਰ ਹੋ ਗਏ, ਉਨ੍ਹਾਂ ਨੇ ਮੂਰਤੀਪੂਜਾ ਵਿੱਚ ਸ਼ਾਮਲ ਹੋਣ ਦੁਆਰਾ ਆਪਣੇ ਆਪ ਨੂੰ ਭਰਿਸ਼ਟ ਕੀਤਾ। ਉਨ੍ਹਾਂ ਨੇ ਲੋਕਾਂ, ਜਾਨਵਰਾਂ ਅਤੇ ਫਸਲਾਂ ਦੇ ਉਪਜਾਊਪਣ, ਵਧਣ ਅਤੇ ਧਰਤੀ

ਨੂੰ ਉਸ ਤਰੀਕੇ ਨਾਲ ਮੁੜ ਤੋਂ ਵਸਾਉਣ ਦੇ ਲਈ ਜਿਵੇਂ ਪਰਮੇਸ਼ੁਰ ਨੇ ਅਸਲ ਵਿੱਚ ਹੁਕਮ ਦਿੱਤਾ ਸੀ ਸਾਰੀ ਸੋਭਾ ਝੂਠੇ ਦੇਵਤਿਆਂ ਨੂੰ ਦਿੱਤੀ। ਉਹ ਇਹ ਸਮਝਣ ਵਿੱਚ ਅਸਫ਼ਲ ਰਹੇ ਕਿ ਸਿਰਫ ਯਹੋਵਾਹ ਪਰਮੇਸ਼ੁਰ ਹੀ ਹੈ, ਜਿਸ ਨੇ ਸਾਰੀਆਂ ਚੀਜ਼ਾਂ ਬਣਾਈਆਂ ਸਨ, ਅਸੀਸ ਦੇ ਸਕਦਾ ਅਤੇ ਆਪਣੀ ਸਰਿਸ਼ਟੀ ਨੂੰ ਸੰਭਾਲ ਕੇ ਰੱਖ ਸਕਦਾ ਹੈ।

ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਜਣਨ ਦੀ ਯੋਗਤਾ ਅਤੇ ਸਾਰੀਆਂ ਚੰਗੀਆਂ ਚੀਜ਼ਾਂ ਦੀ ਅਸੀਸ ਦੇਣ ਦਾ ਵਾਅਦਾ ਕੀਤਾ ਸੀ ਜੇਕਰ ਉਹ ਆਪਣੇ ਜੀਵਨਾਂ ਵਿੱਚ ਉਸ ਦੀ ਪਵਿੱਤਰਤਾਈ ਨੂੰ ਵਿਖਾਉਣ ਦੁਆਰਾ ਉਸ ਦੀ ਉਸਤਤ ਕਰਨਗੇ ਅਤੇ ਉਸ ਦੇ ਨਾਮ ਨੂੰ ਮਹਿਮਾ ਲੈ ਕੇ ਆਉਣਗੇ (ਲੇਵੀਆਂ 18:21-30; 19:2, 29-31; 20:23, 24; ਬਿਵਸਥਾ ਸਾਰ 11:1-17; 23:17, 18; 30:11-20)। ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਨੇਮ ਪ੍ਰਤੀ ਵਫ਼ਾਦਾਰ ਰਹਿਣ ਦੀ ਉਨ੍ਹਾਂ ਦੀ ਅਸਫ਼ਲਤਾ ਦੇ ਨਤੀਜੇ ਬਹੁਤ ਹੀ ਗੰਭੀਰ ਸਨ।

---

ਟਿੱਪਣੀਆਂ

[1]ਐਚ. ਇਸਿੰਗ ਦੀ ਪੁਸਤਕ *ਥੀਓਲੋਜੀਕਲ ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ* ਵਿੱਚ "זָכַר," ਅਨੁਵਾਦ, ਡੇਵਿਡ ਈ. ਗਰੀਨ, ਸੋਧ, ਜੀ. ਜੋਹੈਨਸ ਬੋਟਰਵੈਕ ਅਤੇ ਹੈਲਮਰ ਰਿੰਗਰੈਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਕੰਪਨੀ, 1980), 4:64, 70-71. [2]ਕੈਨਥ ਏ. ਮੈਥਿਊਜ, *ਜੈਨੇਸਿਸ 1–11:26*, ਦ ਨਿਊ ਅਮੈਰੀਕਨ ਕਮੈਂਟਰੀ, ਜਿਲਦ 1A (ਨੈਸ਼ਵਿਲੇ: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1996), 383. ਮੈਥਿਊਜ ਨੇ ਦੁਹਰਾਏ ਗਏ ਸ਼ਬਦਾਂ ਦੀ ਇੱਕ ਤੁਲਨਾਤਮਕ ਸੂਚੀ ਸੀ। [3]ਉਦਾਹਰਣ ਦੇ ਲਈ, ਜੌਨ ਐਚ. ਵਾਲਟਨ ਦੀ ਪੁਸਤਕ *ਕਰੋਨੋਲੀਜੀਕਲ ਐਂਡ ਬੈਕਗਰਾਊਂਡ ਚਾਰਟਸ ਆਫ਼ ਦਿ ਓਲਡ ਟੈਸਟਾਮੈਂਟ*, ਸੋਧ ਅਤੇ ਵਿਸਤਾਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਿੰਗ ਹਾਊਸ, 1994) ਦਾ ਸਫ਼ਾ 14 ਵੇਖੋ। [4]ਉਦਾਹਰਣ ਦੇ ਲਈ, ਡੈਰਕ ਕਿਡਨਰ ਦੀ ਪੁਸਤਕ, *ਜੈਨੇਸਿਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1967) ਦਾ ਸਫ਼ਾ 99 ਵੇਖੋ। [5]ਐਲਫਰੈਡ ਜੇ. ਹੋਰਥ ਦੀ ਪੁਸਤਕ *ਆਰਕੀਓਲੋਜੀ ਐਂਡ ਦਿ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 1998) ਦਾ ਸਫ਼ਾ 191 ਵੇਖੋ। [6]7:11; 8:2 ਵਿੱਚ "ਅਕਾਸ਼ ਦੀਆਂ ਖਿੜਕੀਆਂ ਖੁਲ੍ਹ ਗਈਆਂ" ਦੇ ਲਈ ਇੱਕ ਵੱਖਰਾ ਸ਼ਬਦ אֲרֻבָּה (*ਰੁਬਾਹ*) ਵਰਤਿਆ ਗਿਆ ਹੈ। [7]ਬਰੂਸ ਕੇ. ਵਾਲਟਕੇ ਨੇ ਟਿੱਪਣੀ ਕੀਤੀ ਸੀ ਕਿ ਬਾਈਬਲ ਦਾ ਬਿਰਤਾਂਤ, ਜੋ ਕਿ ਇਹ ਦੱਸਦਾ ਹੈ ਕਿ ਕਮਜ਼ੋਰ ਘੁੱਗੀ ਤੋਂ ਪਹਿਲਾਂ ਇੱਕ ਤਕੜੇ ਪਹਾੜੀ ਕਾਂ ਨੂੰ ਭੇਜਿਆ ਜਾਣਾ ਬਾਬੁਲ ਦੇ ਬਿਰਤਾਂਤ ਨਾਲੋਂ ਉੱਤਮ ਹੈ, ਜਿਹੜਾ ਕਿ ਕਮਜ਼ੋਰ ਪੰਛੀਆਂ ਘੁੱਗੀ, ਅਬਾਬੀਲ ਅਤੇ ਫਿਰ ਪਹਾੜੀ ਕਾਂ – ਨੂੰ ਪਹਿਲੇ ਸਥਾਨ ਤੇ ਰੱਖਦਾ ਹੈ। (ਬਰੂਸ ਕੇ. ਵਾਲਟਕੇ, *ਜੈਨੇਸਿਸ: ਏ ਕਮੈਂਟਰੀ* [ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਰਜ਼, 2001], 141; ਵੇਖੋ *ਦਿ ਐਪਿਕ ਆਫ਼ ਗਿਲਗਾਮੇਸ਼* 11.146-154.) [8]ਵਿਕਟਰ ਪੀ. ਹੈਮਿਲਟਨ ਦੀ ਪੁਸਤਕ *ਦ ਬੁਕ ਆਫ਼ ਜੈਨੇਸਿਸ: ਚੈਪਟਰਸ 1-17*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1990) ਦਾ ਸਫ਼ੇ 304-5 ਵੇਖੋ। [9]ਉਸੇ ਸਥਾਨ ਤੇ, 304. [10]ਓ. ਕੇਸਰ ਦੀ ਪੁਸਤਕ *ਥੀਓਲੀਜੀਕਲ ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ* ਵਿੱਚ "חָרֵב," ਅਨੁਵਾਦ, ਡੇਵਿਡ ਈ. ਗਰੀਨ, ਸੋਧ, ਜੀ. ਜੋਹੈਨਸ ਬੋਟਰਵੈਕ ਐਂਡ ਹੈਲਮਰ ਰਿੰਗਰੈਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1986), 5:151.

[11]ਰਾਲਫ ਐਚ. ਐਲਗਜੰਡਰ, "יָבֵשׁ," TWOT, 1:360. ਕਿਰਿਆ *ਯਾਬੇਸ਼* ਅਤੇ ਸੰਬੰਧਤ ਨਾਂਵ יַבָּשָׁה (*ਯਾਬਾਸ਼ਾਹ*) ਉਸ ਸੁੱਕੀ ਜਾਂ ਖੁਸ਼ਕ ਭੂਮੀ ਦੇ ਲਈ ਵਰਤੇ ਗਏ ਹਨ ਜਿਸ ਤੇ ਚੱਲ ਕੇ ਇਸਰਾਏਲੀਆਂ ਨੇ ਲਾਲ ਸਮੁੰਦਰ ਅਤੇ ਯਰਦਨ ਨਦੀ ਨੂੰ ਪਾਰ ਕੀਤਾ ਸੀ (ਕੂਚ 14:16, 22, 29; 15:19; ਯਹੋਸ਼ੁਆ 2:10; 4:22, 23; 5:1)। ਉਤਪਤ ਦੇ ਬਿਰਤਾਂਤ (1:9, 10) ਵਿੱਚ "ਖੁਸ਼ਕੀ" ਲਈ ਵੀ ਯਾਬਾਸ਼ਾਹ ਸ਼ਬਦ ਆਉਂਦਾ ਹੈ। [12]ਹਰਮਨ ਜੇ. ਆਸਟਲ, ਥੀਓਲੀਜੀਕਲ ਵਰਡ ਬੁਕ ਆਫ਼ ਦਿ ਓਲਡ ਟੈਸਟਾਮੈਂਟ (*TWOT*) ਵਿੱਚ "מְשַׁמָּה," 2:947. [13]ਜੀ. ਲੋਇਡ ਕਾਰ, ਥੀਓਲੀਜੀਕਲ ਵਰਡ ਬੁਕ ਆਫ਼ ਦਿ ਓਲਡ ਟੈਸਟਾਮੈਂਟ (*TWOT*) ਵਿੱਚ "עֹלָה," 2:666-67. [14]"ਸੁਗੰਧ" ਸ਼ਬਦ ਉਨ੍ਹਾਂ ਬਲੀਆਂ ਦੇ ਸੰਬੰਧ ਵਿੱਚ ਕੂਚ, ਲੇਵੀਆਂ, ਗਿਣਤੀ ਅਤੇ ਹਿਜ਼ਕੀਏਲ ਵਿੱਚ ਕਈ ਵਾਰ ਆਉਂਦਾ ਹੈ ਜਿਨ੍ਹਾਂ ਨੇ

ਪਰਮੇਸ਼ੁਰ ਨੂੰ ਪ੍ਰਸੰਨ ਕੀਤਾ। [15]ਦ *ਦਿ ਐਪਿਕ ਆਫ਼ ਗਿਲਗਾਮੇਸ਼* 11:160-161. [16]ਇਹ ਰੂਪ ਉਸ ਪ੍ਰਤੀਰੂਪ ਦੇ ਅਨੁਰੂਪ ਹੈ ਜੋ ਇੱਕ ਕੱਪੜੇ ਤੇ ਨਕਸ਼ੇ ਦੇ ਰੂਪ ਵਿੱਚ ਹੁੰਦਾ ਹੈ: ਨਕਸ਼ਾ ਸੰਪੂਰਣ ਕੱਪੜੇ ਦੀ ਪਰਛਾਵਾਂ ਹੁੰਦਾ ਹੈ। ਫਿਰ ਵੀ, ਜਿਵੇਂ ਇੱਕ ਕੱਪੜਾ ਇਸ ਦੇ ਬਣੇ ਨਕਸ਼ੇ ਤੋਂ ਵੱਡਾ ਹੁੰਦਾ ਹੈ, ਉਸੇ ਤਰ੍ਹਾਂ ਬਪਤਿਸਮਾ (ਪ੍ਰਤੀਰੂਪ) ਨੂਹ ਦੀ ਮੁਕਤੀ “ਪਾਣੀ ਵਿੱਚੋਂ ਦੀ ਲੰਘਣਾ” (ਰੂਪ) ਤੋਂ ਵੱਡਾ ਹੈ।